कुरुक्षेत्र विश्वविद्यालय कुरुक्षेत्र

# KURUKSHETRA UNIVERSITY KURUKSHETRA

(Established by the State Legislature Act XII of 1956)

**('A+' Grade, NAAC Accredited)**

## 3.4.10

Documents for Publications of

**Dr. Sukhjit Kaur**

on Distance Education at DDE during last five years.

Dr. Sukhjit Kaur

# ਪ੍ਰਗਟ ਭਏ
# ਗੁਰ ਤੇਗ ਬਹਾਦਰ

(ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ)

*ਮੁੱਖ-ਸੰਪਾਦਕ*

**ਡਾ. ਸਤਵੰਤ ਕੌਰ ਮਾਨ**

*ਸੰਪਾਦਕ*

**ਅੰਮ੍ਰਿਤਪਾਲ ਕੌਰ ਵਿਰਕ**

TWENTYFIRST CENTURY PUBLICATIONS
PATIALA

First edition published in 2021 by
TWENTYFIRST CENTURY PUBLICATIONS
# 79, Sheikhpura, P.O. Punjabi University, Patiala (PB) - 147002
Ph. 90564-53888, 92167-53888
e-mail : rinku_randhawa77@yahoo.com
tfcpublications11@gmail.com

The responsibility for the facts or opinions expressed in the papers are entirely of the authors. Neither the College nor the publishers are responsible for the same.

© Reserved

**PARGAT BHAE GUR TEGH BAHADAR**

*by*

Dr. Satwant Kaur Mann & Amritpal Kaur Virk

**ISBN: 978-93-90953-31-8**

**Price : 300/-**

*Laser Type Setting*
Roshan Dhindsa & Manpreet Singh

*Printed in India at*
Twentyfirst Century Printing Press, Patiala

# ਤਤਕਰਾ

ਪੰਨਾ ਨੰ.

1. ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪ੍ਰਸੰਗ 1-14
— ਡਾ. ਸਰਬਜੀਤ ਸਿੰਘ

2. ਨਾਸ਼ਮਾਨਤਾ ਦੀ ਸੂਝ ਦਾ ਸੰਕਲਪ : ਗੁਰੂ ਤੇਗ ਬਹਾਦਰ ਬਾਣੀ 15-33
— ਡਾ. ਕੁਲਦੀਪ ਸਿੰਘ

3. ਮਨੁੱਖੀ ਅਧਿਕਾਰਾਂ ਦੇ ਰਾਖੇ ਗੁਰੂ ਤੇਗ ਬਹਾਦਰ ਜੀ 34-45
(ਜੀਵਨ, ਬਾਣੀ ਅਤੇ ਬਲਿਦਾਨ ਦੇ ਹਵਾਲੇ ਨਾਲ)
— ਡਾ. ਪਰਮਜੀਤ ਕੌਰ ਸਿੱਧੂ

4. ਗੁਰੂ ਤੇਗ ਬਹਾਦੁਰ ਜੀ ਦਾ ਲਾਸਾਨੀ ਫ਼ਲਸਫ਼ਾ 46-50
— ਡਾ. ਗੁਰਿੰਦਰ ਸਿੰਘ

5. ਗੁਰੁ ਤੇਗ ਬਹਾਦਰ ਜੀ : ਜੀਵਨ ਅਤੇ ਦਰਸ਼ਨ 51-59
— ਡਾ. ਸੁਖਜੀਤ ਕੌਰ

6. ਗੁਰੂ ਤੇਗ ਬਹਾਦਰ ਜੀ ਦੀ ਗੌਰਵਮਈ ਸ਼ਹਾਦਤ, ਪ੍ਰਭਾਵ ਅਤੇ ਬਾਣੀ ਸੰਦੇਸ਼ 60-75
— ਡਾ. ਜਗਜੀਤ ਕੌਰ

7. ਗੁਰੂ ਤੇਗ ਬਹਾਦਰ : ਜੀਵਨ, ਬਾਣੀ ਅਤੇ ਸ਼ਹਾਦਤ ਦਾ ਮਾਨਵੀ ਪਰਿਪੇਖ 76-83
— ਡਾ. ਤਿਲਕ ਰਾਜ

8. ਸ੍ਰੀ ਗੁਰੂ ਤੇਗ ਬਹਾਦਰ ਜੀ : ਮਨੁੱਖੀ ਅਧਿਕਾਰ ਅਤੇ ਆਜ਼ਾਦੀ ਦਾ ਸੰਕਲਪ 84-87
— ਡਾ. ਸੁਖਵਿੰਦਰ ਕੌਰ ਕੰਵਲ

9. ਗੁਰੂ ਤੇਗ ਬਹਾਦਰ ਜੀ ਦੀ ਬਾਣੀ : ਦਾਰਸ਼ਨਿਕ ਚਿੰਤਨ 88-101
— ਡਾ. ਗਗਨਦੀਪ ਕੌਰ

10. ਗੁਰੂ ਭੈਣ : ਬੀਬੀ ਵੀਰੋ ਜੀ 102-107
— ਡਾ. ਗੁਰਬਾਜ ਸਿੰਘ

11. ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ 108-112
— ਡਾ. ਗੁਰਜਿੰਦਰ ਕੌਰ

12. ਗੁਰੂ ਤੇਗ ਬਹਾਦੁਰ ਜੀ ਦੀ ਬਾਣੀ ਵਿੱਚ ਸਦਾਚਾਰੀ ਜੀਵਨ 113-117
— ਡਾ. ਸਿਮਰਤ ਪਾਲ

# ਗੁਰੂ ਤੇਗ ਬਹਾਦਰ ਜੀ : ਜੀਵਨ ਅਤੇ ਦਰਸ਼ਨ

ਡਾ. ਸੁਖਜੀਤ ਕੌਰ*

ਗੁਰੂ ਨਾਨਕ ਦੇਵ ਜੀ ਵਲੋਂ ਚਲਾਈ ਗਈ ਸਿੱਖ ਧਰਮ ਦੀ ਮੁਹਿੰਮ ਦੇ ਅਗਲੇ ਪੈਰੋਕਾਰ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਸਨ। ਉਹ ਹਿੰਦੋਸਤਾਨ ਦੀ ਧਰਤ ਉਪਰ ਪੈਦਾ ਹੋਣ ਵਾਲੇ ਅਜਿਹੇ ਅਵਤਾਰੀ ਪੁਰਸ਼ ਸਨ ਜਿਨ੍ਹਾਂ ਦੇ ਨਾਮ ਨਾਲ ਮਹਾਨ ਤਪਸੱਵੀ, ਮਹਾਨ ਯੋਧੇ, ਸੰਤ-ਸਰੂਪ, ਦਿਆਲੂ ਪ੍ਰਵਿਰਤੀ ਦੇ ਮਾਲਕ, ਸ਼ਾਂਤੀ ਦੇ ਪੁੰਜ,ਹਿੰਦ ਦੀ ਚਾਦਰ, ਆਦਿ ਜਿੰਨ੍ਹੇ ਵੀ ਵਿਸ਼ੇਸ਼ਣ ਜੋੜੇ ਜਾਣ ਉਹ ਥੋੜ੍ਹੇ ਜਾਪਦੇ ਹਨ। ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ, ਕਾਰਜ-ਵਿਹਾਰ ਤੇ ਉਨ੍ਹਾਂ ਦੀ ਬਾਣੀ ਅਜੋਕੇ ਸਮੇਂ ਅਤੇ ਕੌਮਾਂਤਰੀ ਸੰਕਟਾਂ ਵਿੱਚ ਵੀ ਮਨੁੱਖੀ ਜਾਤੀ ਦੇ ਕਲਿਆਣ ਦਾ ਸੰਪੂਰਨ ਮਾਡਲ ਪ੍ਰਸਤੁਤ ਕਰਦੀ ਹੈ। ਗੁਰੂ ਜੀ ਦਾ ਸਮੁੱਚਾ ਜੀਵਨ ਮਨੁੱਖੀ ਬਰਾਬਰੀ ਦੀ ਸਥਾਪਤੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਨੂੰ ਸਮਰਪਿਤ ਰਿਹਾ ਹੈ। ਇਹੀ ਜੀਵਨ ਵਿਹਾਰ ਉਨ੍ਹਾਂ ਦੀ ਬਾਣੀ ਵਿੱਚੋਂ ਵੀ ਉੱਭਰਦਾ ਹੈ ਕਿਉਂਕਿ ਕਿਸੇ ਵੀ ਲੇਖਕ ਦਾ ਜੀਵਨ-ਵਿਹਾਰ ਤੇ ਕ੍ਰਿਤ ਦੋਵਾਂ ਵਿੱਚ ਵੱਖਰਤਾ ਨਹੀਂ ਹੋ ਸਕਦੀ। ਬਲਕਿ ਇਹ ਦੋਵੇਂ ਸਾਰਥਕਤਾ ਤੇ ਸਮਾਨਤਾ ਦਾ ਸਮਨਵੈਂ ਹੁੰਦੀਆਂ ਹਨ। ਇਕ ਲੇਖਕ ਆਪਣੇ ਜੀਵਨ ਵਿਹਾਰ ਵਿੱਚ ਗ੍ਰਹਿਣ ਕੀਤੇ ਗਏ ਅਨੁਭਵ ਨੂੰ ਆਪਣੀ ਕ੍ਰਿਤ ਰੂਪੀ ਕੈਨਵਸ ਤੇ ਉਭਾਰਦਾ ਹੈ। ਅਜਿਹੀ ਸਾਰਥਕਤਾ ਤੇ ਸਮਾਨਤਾ ਦੇ ਸਮਨਵੈਂ ਦਾ ਸੁਮੇਲ ਗੁਰੂ ਜੀ ਦੀ ਬਾਣੀ, ਉਨ੍ਹਾਂ ਦੇ ਜੀਵਨ ਵਿਹਾਰ ਤੇ ਉਨ੍ਹਾਂ ਦੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵਿੱਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਹਰ ਮਨੁੱਖ ਆਪਣੇ ਲਈ ਜੀਉਂਦਾ ਹੈ। ਪਰੰਤੂ ਸੱਚਾ ਤੇ ਪਰਮ ਮਨੁੱਖ ਉਹ ਹੈ ਜੋ ਦੂਜਿਆਂ ਦੇ ਧਰਮ ਦੀ ਰਾਖੀ 'ਤੇ ਸਮਾਜ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਾਪਤੀ ਲਈ ਆਪਣੀ ਸ਼ਹਾਦਤ ਤੱਕ ਦੇ ਦੇਵੇ। ਅਜਿਹਾ ਪਰਮ ਪੁਰਖਤਾਂ ਦੈਵੀ ਗੁਣਾਂ ਨਾਲ ਭਰਪੂਰ ਆਲੌਕਿਕ ਪ੍ਰਤਿਭਾ ਵਾਲਾ ਕੋਈ ਮਹਾਨ ਵਿਅਕਤੀ ਹੀ ਹੋ ਸਕਦਾ ਹੈ। ਅਜਿਹੀ ਆਲੌਕਿਕ ਪ੍ਰਤਿਭਾ ਦੇ ਧਨੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰਾ ਧਰਮ ਰੱਖਿਆ ਦੇ ਲਈ ਦਿੱਤੀ ਗਈ ਲਾਸਾਨੀ ਸ਼ਹਾਦਤ ਸਮੁੱਚੀ ਮਨੁੱਖੀ ਜਾਤੀ ਲਈ ਧਾਰਮਿਕ ਤੇ ਵਿਅਕਤੀਗਤ ਸੁਤੰਤਰਤਾ, ਨਿਡਰਤਾ, ਬਰਾਬਰੀ ਤੇ ਆਪਣੇ ਧਰਮ ਪ੍ਰਤੀ ਦ੍ਰਿੜ੍ਹ ਰਹਿਣ ਦਾ ਅਜਿਹਾ ਆਦਰਸ਼ਕ ਮਾਡਲ ਪ੍ਰਸਤੁਤ ਕਰਦੀ ਹੈ ਜੋ ਕਿ ਰਹਿੰਦੀ ਦੁਨੀਆ ਤੱਕ ਸਮੁੱਚੀ ਭਾਰਤੀ ਲੋਕਾਈ ਲਈ ਪ੍ਰੇਰਣਾਸ੍ਰੋਤ ਦਾ ਕੰਮ ਕਰਦਾ ਰਹੇਗਾ। ਇਸ ਗੱਲ

* ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ, ਦੂਰਵਰਤੀ ਸਿੱਖਿਆ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।



Scanned by CamScanner

Dr. Sukh jit Kaur

ISSN : 2229-7227
Price : ₹ 500
$ 70

Year : 7
Issue : 27
July-Sept 2017
www.chintanresearchjournal.com
Impact factor : 2.725

International Refereed

# चिन्तन Chintan Research Journal

## रिसर्च जर्नल

(कला, साहित्य, मानविकी, समाज–विज्ञान, विधि, प्रबंधन, वाणिज्य एवं विज्ञान विषयों पर केंद्रित)

(Indexed & Listed at : Ulrich's Periodicals Directory ©, ProQuest . U.S.A.)
(Indexed & Listed at : Copernicus, Poland)
(Indexed & Listed at : Research Bib, Japan)
(indexed & Listed at : Indian Journal Index (IJINDEX))
(UGC Approved Sl. No. 41241)

संपादक

आचार्य (डॉ०) शीलक राम

यावत् जीवेत् सुखं जीवेत्

आचार्य अकादमी
भारत
ISO 9001 : 2008

* मुंशी प्रेमचंद के साहित्य में भारतीय किसानों का चित्रण
  – मधु राठौर 295–296
* अभिनवभारती में शान्त रस–विचार
  – सुनील कुमार 297–302
* श्रीमद्भगवद् गीता में सयंम विचार (षष्ठ अध्याय के परिप्रेक्ष्य में)
  – कुसुम रानी 303–307
* व्याकरणाध्ययन–प्रयोजनानामद्यतनीयसन्दर्भे उपयोगिता
  – हेमलता आर्या 308–314
* प्राचीन काल में आश्रम–व्यवस्था
  – गीता देवी 315–317
* ਸਾਹਿਤ ਸਿਰਜਣ ਪ੍ਰਕਿਰਿਆ ਵਿਚ ਲੋਕਧਾਰਾਈ ਤੱਤਾਂ ਦੀ ਮਹੱਤਤਾ
  – ਡਾ. ਰੇਖਾ ਰਾਣੀ 318–321
* ਮਨੁੱਖੀ ਮਨੋਭਾਵਨਾਵਾਂ ਦਾ ਗੁੰਝਲਦਾਰ ਬਿਰਤਾਂਤ : ਚਿੱਠੀ ਇਕ ਘਸਮੈਲੀ ਜਿਹੀ
  – ਡਾ. ਸਿਮਰਜੀਤ ਕੌਰ 322–325
* ਗੁਰਬਾਣੀ ਵਿਚ ਮਾਨਵਤਾ ਦਾ ਸੰਕਲਪ
  – ਡਾ. ਸੁਖਜੀਤ ਕੌਰ 326–330
* प्रो० अभिराजराजेन्द्रमिश्र विरचित प्रशान्तराघवम् में छन्दौचित्यविचार
  – अंजना देवी 331–334
* साहित्यदर्पण में काव्य–प्रयोजन विमर्श
  – आराधना 335–338
* Practice of Organic Farming - A Study of Enabhavi Village of Jangaon District
  – B. Sravanthi, K. Subhash 339–345
* वक्रोक्ति सम्प्रदाय की प्राथमिकता
  – महावीर सिंह 346–349
* ਸਾਹਿਤ ਵਿਚ ਮਨੋਵਿਗਿਆਨ ਦੀ ਭੂਮਿਕਾ
  – ਡਾ. ਰੇਖਾ ਰਾਣੀ 350–352
* ਖੰਡਿਤ ਹੋ ਰਹੀਆਂ ਸਭਿਆਚਾਰਕ ਕੀਮਤਾਂ ਦਾ ਬਿਰਤਾਂਤ : ਨਦੀਨ
  – ਡਾ. ਸਿਮਰਜੀਤ ਕੌਰ 353–357
* ਪੂੰਜੀਵਾਦੀ ਸਿਸਟਮ ਵਿਚ ਟੁੱਟ ਰਹੀ ਮਨੁੱਖੀ ਰਿਸ਼ਤਿਆਂ ਦੀ ਤੰਦ : ਸਪੌਂਸਰਸ਼ਿਪ
  – ਡਾ. ਸੁਖਜੀਤ ਕੌਰ 358–362
* ਅਵਤਾਰ ਪਰੰਪਰਾ ਤੋਂ ਪ੍ਰਭਾਵਿਤ ਸਾਹਿਤ: *ਇਕ ਸਰਵੇਖਣ*
  – ਡਾ. ਜਸਵਿੰਦਰ ਸਿੰਘ 363–367
* ਸੁਲਗਦੇ ਸੁਪਨੇ : ਇੱਕ ਅਧਿਐਨ
  – ਡਾ. ਸਰਵਜੀਤ ਕੌਰ 368–375
* जम्मू एवं कश्मीर राज्य के सन्दर्भ में सरदार वल्लभ भाई की भूमिका
  – डॉ० रीना 376–382
* 21ਵੀਂ ਸਦੀ ਨਵ–ਬਸਤੀਵਾਦ ਦਾ ਦੌਰ ਅਤੇ ਪੰਜਾਬੀ ਕਵਿਤਾ
  – ਡਾ. ਸਰਵਜੀਤ ਕੌਰ 383–392

International Refereed
Impact Factor : 2.725
'चिन्तन' अन्तरराष्ट्रीय रिसर्च जर्नल (ISSN : 2229-7227)
वर्ष 7, अंक 27 (पृ.सं. 358–362)
विक्रमी सम्वत्: 2074 (जुलाई-सितम्बर 2017)

# ਪੂੰਜੀਵਾਦੀ ਸਿਸਟਮ ਵਿਚ ਟੁੱਟ ਰਹੀ ਮਨੁੱਖੀ ਰਿਸ਼ਤਿਆਂ ਦੀ ਤੰਦ : ਸਪੌਂਸਰਸ਼ਿਪ

ਡਾ. ਸੁਖਜੀਤ ਕੌਰ
ਅਸਿਸਟੈਂਟ ਪ੍ਰੋਫੈਸਰ ਪੰਜਾਬੀ
ਦੂਰਵਰਤੀ ਸਿੱਖਿਆ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਸ਼ੋਧ ਆਲੇਖ ਸਾਰ

**ਨਾਵਲਕਾਰ ਇਸ ਨਾਵਲੀ ਬਿਰਤਾਂਤ ਦੇ ਅੰਤਰਗਤ ਪੰਜਾਬੀਆਂ ਵਿਚ ਪਰਵਾਸ ਧਾਰਨ ਦੀ ਪ੍ਰਬਲ ਇੱਛਾ ਵਜੋਂ ਜਿੱਥੇ ਉਹਨਾਂ ਵਲੋਂ ਅਨੈਤਿਕ, ਅਮਾਨਵੀ ਤਰੀਕੇ ਅਪਣਾਉਂਦੇ ਹੋਏ ਸਪੌਂਸਰਸ਼ਿਪ ਦੇ ਅਰਥ ਪ੍ਰਗਟ ਕਰਦਾ ਹੈ ਉੱਥੇ ਉਹ ਪਰਵਾਸੀਆਂ ਜ਼ਿੰਦਗੀ ਦੇ ਅਨੇਕਾਂ ਹੋਰ ਅਣਦਿੱਸਦੇ ਪਹਿਲੂਆਂ ਦਾ ਯਥਾਰਥਕ ਬੋਧ ਵੀ ਕਰਵਾਉਂਦਾ ਹੈ। ਨਾਵਲਕਾਰ ਪਰਵਾਸੀ-ਪੰਜਾਬੀਆਂ ਨੂੰ ਇਸ ਗਲੋਂ ਵੀ ਸੁਚੇਤ ਕਰਦਾ ਹੈ ਕਿ ਇਸ ਪੂੰਜੀਵਾਦੀ ਸਿਸਟਮ ਵਿਚ ਵਿਚਰਦੇ ਹੋਏ ਪੈਸੇ ਦੀ ਲਾਲਸਾ ਰੂਪੀ ਭੁੱਖ ਨੂੰ ਛੱਡ ਕੇ ਆਪਣੀ ਅਣਮੁੱਲੀ ਔਲਾਦ ਪ੍ਰਤੀ ਵਧੇਰੇ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿਚ ਚੰਗੇ ਇਨਸਾਨ ਬਣ ਸਕਣ।**

ਮੁਖ ਸ਼ਬਦ : ਯਥਾਰਥਵਾਦ, ਰਿਸ਼ਤੇ-ਨਾਤੇ, ਸੌਦੇਬਾਜ਼ੀ, ਨਾਵਲਕਾਰ ।

ਪੂੰਜੀਵਾਦੀ ਅਰਥ ਵਿਵਸਥਾ ਵਿਚ ਮਨੁੱਖ ਲਈ ਸਭ ਤੋਂ ਵੱਡੀ ਸਮੱਸਿਆ ਆਰਥਿਕਤਾ ਦੀ ਹੈ । ਇਸ ਸਮੱਸਿਆ ਤੋਂ ਨਿਜ਼ਾਤ ਪਾਉਣ ਤੇ ਆਰਥਿਕ ਪਖੋਂ ਸਥਿਤੀ ਮਜ਼ਬੂਤ ਕਰਨ ਲਈ ਮਨੁੱਖ ਕਈ ਤਰ੍ਹਾਂ ਦੇ ਅਵੈਧਿਕ ਤੇ ਅਨੈਤਿਕ ਢੰਗਾਂ ਨੂੰ ਅਪਣਾ ਰਿਹਾ ਹੈ। ਇਸ ਪਦਾਰਥਕ ਯੁਗ ਵਿਚ ਪੈਸਾ ਕਮਾਉਣ ਦੀ ਅੰਨ੍ਹੀ ਹੋੜ ਪਿੱਛੇ ਮਨੁੱਖ ਵਿਚੋਂ ਮਨੁੱਖਤਾ ਦਾ ਕਤਲ ਹੁੰਦਾ ਨਜ਼ਰ ਆ ਰਿਹਾ ਹੈ। ਪੈਸਾ ਕਮਾਉਣ ਦੀ ਲਾਲਸਾ ਤੇ ਆਪਣੇ ਮਨੋਸਥਲ ਵਿਚ ਕਲਪੀ ਸੋਨੇ ਦੀ ਲੰਕਾਂ ਉਸਾਰਨ ਦੀ ਪ੍ਰਬਲ ਇੱਛਾ ਨੂੰ ਪ੍ਰਤੱਖ ਰੂਪ ਪ੍ਰਦਾਨ ਕਰਨ ਲਈ ਮਨੁੱਖ ਜਿਹੜੇ ਅਮਾਨਵੀ ਤਰੀਕੇ ਅਪਣਾ ਰਿਹਾ ਹੈ। ਉਸ ਨਾਲ ਮਨੁੱਖੀ ਰਿਸ਼ਤੇ ਸ਼ਰਮਸਾਰ ਹੋ ਰਹੇ ਹਨ। ਮਨੁੱਖੀ ਰਿਸ਼ਤਿਆਂ ਵਿਚਲੀ ਆ ਰਹੀ ਗਿਰਾਵਟ ਦਾ ਕਾਰਣ ਪੂੰਜੀਵਾਦ ਨਿਜ਼ਾਮ ਹੈ, ਤੇ ਇਸ ਤੋਂ ਵੀ ਵਡਾ ਕਾਰਣ ਸਾਡੀ ਕਮਜ਼ੋਰ ਆਰਥਿਕਤਾ, ਨਿਮਨ ਕਿਰਸਾਨੀ, ਵਿਆਪਕ ਬੇਰੋਜ਼ਗਾਰੀ ਵੀ ਹਨ। ਇਹਨਾਂ ਸਮੱਸਿਆ ਤੋਂ ਛੁਟਕਾਰਾ ਪਾਉਣ ਤੇ ਆਰਥਿਕ ਸਥਿਤੀ ਨੂੰ ਸੁਧਾਰਣ ਲਈ ਮਨੁੱਖ ਪਰਵਾਸ ਧਾਰਨ ਕਰਣ ਦਾ ਫੈਸਲਾ ਲੈਂਦਾ ਹੈ। ਭਾਵੇਂ ਪਰਵਾਸ ਮਨੁੱਖ ਦੀ ਜਨਮਜਾਤ ਪ੍ਰਵਿਰਤੀ ਹੈ ਪਰ ਸਮਕਾਲੀ ਪਰਵਾਸ ਸਿਰਫ਼ ਮਨ ਵਿਚ ਉਸਾਰੀ ਸੋਨੇ ਦੀ ਲੰਕਾਂ ਨੂੰ ਸਾਕਾਰਾਤਮਕ ਰੂਪ ਪ੍ਰਦਾਨ ਕਰਨ ਲਈ ਹੀ ਧਾਰਨ ਕੀਤਾ ਜਾਂਦਾ ਹੈ। ਇਸ ਲਈ ਮਨੁੱਖ ਹਰ ਤਰ੍ਹਾਂ ਦੇ ਜਾਇਜ਼ ਤੇ ਨਜ਼ਾਇਜ ਢੰਗ ਨਾਲ ਪੈਸਾ ਕਮਾਉਣ ਵਿਚ ਸੰਕੋਚ ਨਹੀ ਕਰਦਾ । ਕੁੱਝ ਇਸੇ ਤਰ੍ਹਾਂ ਦੇ ਨਾਵਲੀ ਬਿਰਤਾਂਤ ਨੂੰ ਨਦੀਮ ਪਰਮਾਰ 'ਸਪੌਂਸਰਸ਼ਿਪ' ਨਾਵਲ ਵਿਚ ਲੈਕੇ ਸਾਡੇ ਰੂ-ਬ-ਰੂ ਪੇਸ਼ ਹੁੰਦਾ ਹੈ । ਨਦੀਮ ਪਰਮਾਰ ਪਰਵਾਸੀ ਨਾਵਲਕਾਰਾਂ ਵਿਚੋਂ ਤੇਜ਼ੀ ਨਾਲ ਉੱਭਰ ਕੇ ਸਾਹਮਣੇ ਆਉਂਦਾ ਹੋਇਆ ਸਥਾਪਿਤ ਨਾਂ ਹੈ। 'ਸਪੌਂਸਰਸ਼ਿਪ' ਤੋਂ ਪਹਿਲਾਂ 'ਰੇਪ', 'ਇੰਦਰਜਲ', 'ਪੋਸ਼ੀ', 'ਚਿੱਟੀ ਮੌਤ' ਆਦਿ ਨਾਵਲ ਪੰਜਾਬੀ ਨਾਵਲ ਜਗਤ ਨੂੰ ਦੇ ਕੇ ਸਾਹਿਤ ਵਿਚ ਆਪਣਾ ਵੱਡਮੁੱਲਾਂ ਯੋਗਦਾਨ ਪਾ ਚੁੱਕਿਆ ਹੈ। ਪਰਮਾਰ ਕੈਨੇਡਾ ਦਾ ਵਸਨੀਕ ਹੋਣ ਕਰਕੇ ਉੱਥੋਂ ਦੀ ਜ਼ਿੰਦਗੀ ਨੂੰ ਬਹੁਤ ਨੇੜੇ ਤੋਂ ਜਾਣਦਾ ਹੈ। ਪਰਮਾਰ ਨੇ ਡਾਲਰਾਂ ਤੇ ਪੌਂਡਾਂ ਦੀ ਦੌੜ ਚ ਗ੍ਰਸਤ ਹੋਏ ਤੇ ਸੋਨੇ ਦੀ ਲੰਕਾਂ ਉਸਾਰਨ ਵਾਲੇ ਲੋਕਾਂ ਦੀਆਂ ਸਮੱਸਿਆਵਾਂ ਨੂੰ 'ਸਪੌਂਸਰਸ਼ਿਪ' ਨਾਵਲ ਰਾਹੀ ਬਾਖੂਬੀ ਰੂਪਮਾਨ ਕੀਤਾ ਹੈ। 'ਸਪੌਂਸਰਸ਼ਿਪ' ਨਾਵਲ ਰਾਹੀ ਪਰਮਾਰ ਕੈਨੇਡਾ ਵਿਚ ਵਸੇ ਪਰਵਾਸੀ ਪੰਜਾਬੀਆਂ ਦੇ ਕੰਮ-ਕਾਮ, ਰਹਿਣ-ਸਹਿਣ, ਰਿਸ਼ਤਾ ਨਾਤਾ-ਪ੍ਰਬੰਧ, ਜਾਤ-ਪਾਤ, ਡਾਲਰ ਕਮਾਉਣ ਲਈ ਤਰਲੋਮੱਛੀ ਹੁੰਦੇ ਲੋਕ ਵਿਆਹਾਂ ਦੀ ਸੌਦੇਬਾਜ਼ੀ, ਨਸ਼ਿਆ ਵਿਚ ਗਰਕ ਹੁੰਦੀ ਨੌਜਵਾਨ ਪੀੜ੍ਹੀ ਅਤੇ ਜਿਨਸੀ ਸੰਬੰਧਾਂ ਬਾਰੇ ਯਥਾਰਥਕ ਜਾਣਕਾਰੀ ਆਪਣੇ ਇਸ ਨਾਵਲੀ ਬਿਰਤਾਂਤ ਵਿਚ ਸਿਰਜਦਾ ਹੈ।

ਇਹ ਨਾਵਲ ਆਕਾਰ ਪਖੋਂ ਭਾਵੇਂ 16 ਕਾਂਡਾਂ ਦਾ ਛੋਟਾ ਜਿਹਾ ਨਾਵਲ ਹੋਣ ਕਰਕੇ ਆਪਣੇ ਸਿਰਜਣਾਤਮਕ ਰੂਪ ਵਿਚ ਕੈਨੇਡਾ ਵਿਚ ਵਸਦੇ ਪਰਵਾਸੀਆਂ ਦੇ ਜਨਜੀਵਨ ਦਾ ਯਥਾਰਥਕ ਬੋਧ ਹੀ ਨਹੀਂ ਕਰਵਾਉਂਦਾ, ਸਗੋਂ ਪੱਛਮੀ ਸਭਿਆਚਾਰ ਦੇ ਮੈਦੇ ਕੁਪ੍ਰਭਾਵ ਨੂੰ ਕਬੂਲਦੇ ਹੋਏ ਪਰਵਾਸੀਆਂ ਦੇ ਦਰਪੇਸ਼ ਹੁੰਦੀਆਂ ਆਰਥਿਕ ਸਮਾਜਿਕ ਸਮੱਸਿਆਵਾਂ ਵੱਲ ਵੀ ਸਾਡਾ ਧਿਆਨ ਕੇਂਦਰਿਤ ਕਰਦਾ ਹੈ।

ਇਸ ਨਾਵਲ ਦਾ ਨਾਮਕਰਣ (ਸਿਰਲੇਖ) 'ਸਪੌਂਸਰਸ਼ਿਪ' ਇਸ ਨਾਵਲੀ ਕਥਾ ਵਿਚ ਆਰੰਭ ਤੋਂ ਲੈਕੇ ਅੰਤ ਤਕ ਵਿਦਮਾਨ ਰਹਿੰਦਾ ਹੈ। ਨਾਵਲਕਾਰ ਇਸ ਸਿਰਲੇਖ ਰਾਹੀ ਜਿਸ ਵਿਸ਼ਾ-ਵਸਤੂ ਤੇ ਫੋਕਸ ਕਰਨਾ ਚਾਹੁੰਦਾ ਹੈ। ਨਾਵਲ ਦਾ ਨਾਮਕਰਣ ਵੀ ਉਸ ਸਥਿਤੀ ਦੇ ਅਰਥਾਂ ਨੂੰ ਹੀ ਪਾਠਕਾਂ ਤਕ ਸੰਚਾਰਿਤ ਕਰਦਾ ਹੋਇਆ ਵਿਖਾਉਂਦਾ ਹੈ। ਨਾਵਲ ਵਿਚਲੇ ਸਾਰੇ

Dr. Sukhjit Kaur

ISSN : 2229-7227
Price : ₹ 500
$ 70

Year : 7
Issue : 27
July-Sept 2017
www.chintanresearchjournal.com
Impact factor : 2.725

International Refereed

# चिन्तन Chintan Research Journal

## रिसर्च जर्नल

(कला, साहित्य, मानविकी, समाज–विज्ञान, विधि, प्रबंधन, वाणिज्य एवं विज्ञान विषयों पर केंद्रित)

(Indexed & Listed at : Ulrich's Periodicals Directory ©, ProQuest . U.S.A.)
(Indexed & Listed at : Copernicus, Poland)
(Indexed & Listed at : Research Bib, Japan)
(indexed & Listed at : Indian Journal Index (IJINDEX))
(UGC Approved Sl. No. 41241)

संपादक

आचार्य (डॉ०) शीलक राम

यावत् जीवेत् सुखं जीवेत्

आचार्य अकादमी
भारत
ISO 9001 : 2008

* मुंशी प्रेमचंद के साहित्य में भारतीय किसानों का चित्रण
– मधु राठौर 295–296
* अभिनवभारती में शान्त रस–विचार
– सुनील कुमार 297–302
* श्रीमद्भगवद् गीता में सयंम विचार (षष्ठ अध्याय के परिप्रेक्ष्य में)
– कुसुम रानी 303–307
* व्याकरणाध्ययन–प्रयोजनानामद्यतनीयसन्दर्भे उपयोगिता
– हेमलता आर्या 308–314
* प्राचीन काल में आश्रम-व्यवस्था
– गीता देवी 315–317
* ਸਾਹਿਤ ਸਿਰਜਣ ਪ੍ਰਕਿਰਿਆ ਵਿਚ ਲੋਕਧਾਰਾਈ ਤੱਤਾਂ ਦੀ ਮਹੱਤਤਾ
– ਡਾ. ਰੇਖਾ ਰਾਣੀ 318–321
* ਮਨੁੱਖੀ ਮਨੋਭਾਵਨਾਵਾਂ ਦਾ ਗੁੰਝਲਦਾਰ ਬਿਰਤਾਂਤ : ਚਿੱਠੀ ਇਕ ਘਸਮੈਲੀ ਜਿਹੀ
– ਡਾ. ਸਿਮਰਜੀਤ ਕੌਰ 322–325
* ਗੁਰਬਾਣੀ ਵਿਚ ਮਾਨਵਤਾ ਦਾ ਸੰਕਲਪ
– ਡਾ. ਸੁਖਜੀਤ ਕੌਰ 326–330
* प्रो॰ अभिराजराजेन्द्रमिश्र विरचित प्रशान्तराघवम् में छन्दौचित्यविचार
– अंजना देवी 331–334
* साहित्यदर्पण में काव्य–प्रयोजन विमर्श
– आराधना 335–338
* Practice of Organic Farming - A Study of Enabhavi Village of Jangaon District
– B. Sravanthi, K. Subhash 339–345
* वक्रोक्ति सम्प्रदाय की प्राथमिकता
– महाबीर सिंह 346–349
* ਸਾਹਿਤ ਵਿਚ ਮਨੋਵਿਗਿਆਨ ਦੀ ਭੂਮਿਕਾ
– ਡਾ. ਰੇਖਾ ਰਾਣੀ 350–352
* ਖੰਡਿਤ ਹੋ ਰਹੀਆਂ ਸਭਿਆਚਾਰਕ ਕੀਮਤਾਂ ਦਾ ਬਿਰਤਾਂਤ : ਨਦੀਨ
– ਡਾ. ਸਿਮਰਜੀਤ ਕੌਰ 353–357
* ਪੂੰਜੀਵਾਦੀ ਸਿਸਟਮ ਵਿਚ ਟੁੱਟ ਰਹੀ ਮਨੁੱਖੀ ਰਿਸ਼ਤਿਆਂ ਦੀ ਤੰਦ : ਸਪੌਂਸਰਸ਼ਿਪ
– ਡਾ. ਸੁਖਜੀਤ ਕੌਰ 358–362
* ਅਵਤਾਰ ਪਰੰਪਰਾ ਤੋਂ ਪ੍ਰਭਾਵਿਤ ਸਾਹਿਤ: *ਇਕ ਸਰਵੇਖਣ*
– ਡਾ. ਜਸਵਿੰਦਰ ਸਿੰਘ 363–367
* ਸੁਲਗਦੇ ਸੁਪਨੇ : ਇੱਕ ਅਧਿਐਨ
– ਡਾ. ਸਰਵਜੀਤ ਕੌਰ 368–375
* जम्मू एवं कश्मीर राज्य के सन्दर्भ में सरदार वल्लभ भाई की भूमिका
– डॉ॰ रीना 376–382
* 21ਵੀਂ ਸਦੀ ਨਵ–ਬਸਤੀਵਾਦ ਦਾ ਦੌਰ ਅਤੇ ਪੰਜਾਬੀ ਕਵਿਤਾ
– ਡਾ. ਸਰਵਜੀਤ ਕੌਰ 383–392

International Refereed
Impact Factor : 2.725
'चिन्तन' अन्तराष्ट्रीय रिसर्च जर्नल (ISSN : 2229-7227)
वर्ष 7, अंक 27 (पृ.सं. 326-330)
विक्रमी सम्वत्: 2074 (जुलाई-सितम्बर 2017)

# ਗੁਰਬਾਣੀ ਵਿਚ ਮਾਨਵਤਾ ਦਾ ਸੰਕਲਪ

ਡਾ. ਸੁਖਜੀਤ ਕੌਰ
ਅਸੀਸਟੈਂਟ ਪ੍ਰੋਫੈਸਰ ਪੰਜਾਬੀ
ਦੂਰਵਰਤੀ ਸਿੱਖਿਆ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਸ਼ੋਧ ਆਲੇਖ ਸਾਰ

ਨਾਨਕ ਬਾਣੀ ਵਿਚਲੇ ਨੈਤਿਕ ਗੁਣਾਂ ਦੀ ਚਰਚਾ ਕਰਨ ਤੋਂ ਬਾਅਦ ਜਿਹੜੀ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ। ਉਸ ਅਨੁਸਾਰ ਨਾਨਕ ਬਾਣੀ ਵਿਚਲੀ ਨੈਤਿਕਤਾ ਦਾ ਆਧਾਰ ਭਾਵੇਂ ਅਧਿਆਤਮਵਾਦ ਹੈ ਪਰ ਇਸਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਇਹਨਾਂ ਨੈਤਿਕ ਗੁਣਾਂ ਨੂੰ ਨਿੱਜੀ ਰੂਪ ਵਿਚ ਅਪਣਾਉਣ ਦੀ ਵੀ ਗੱਲ ਕੀਤੀ ਹੈ। ਇਹਨਾਂ ਨੈਤਿਕ ਗੁਣਾਂ ਨੂੰ ਧਾਰਨ ਕਰਕੇ ਅਤੇ ਪ੍ਰਭੂ ਸਿਮਰਣ ਕਰਕੇ ਮਨੁੱਖ ਪ੍ਰਮਾਤਮਾ ਦੀ ਦਰਗਾਹ ਵਿਚ ਅਪਣੀ ਥਾਂ ਬਣਾ ਸਕਦਾ ਹੈ।

ਮੁਖ ਸ਼ਬਦ : ਆਦਰਸ਼ਵਾਦ, ਮਾਨਵਵਾਦ, ਸਹਿਨਸ਼ੀਲਤਾ, ਨੈਤਿਕਤਾ ।

ਗੁਰਬਾਣੀ ਸਮੁੱਚੇ ਰੂਪ ਵਿਚ ਅਧਿਆਤਮਕ ਚਿੰਤਨ ਹੈ। ਜਿਸ ਦੀ ਮੂਲ ਸੁਰ ਮਾਨਵ-ਕਲਿਆਣ ਹੈ। ਇਹ ਇਕ ਅਜਿਹੀ ਸਮਾਜਿਕ ਮਰਿਆਦਾ ਹੈ ਜਿਸ ਦੇ ਆਧਾਰ ਤੇ ਅਸੀ ਇਕ ਆਦਰਸ਼ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ । ਸਮੁੱਚੀ ਗੁਰਬਾਣੀ ਮਨੁੱਖ ਨੂੰ ਆਦਰਸ਼ਵਾਦੀ, ਨੈਤਿਕ ਗੁਣਾਂ ਨੂੰ ਅਪਣਾਉਣ ਤੇ ਜ਼ੋਰ ਦੇਂਦੀ ਹੈ। ਗੁਰਬਾਣੀ ਮਨੁੱਖ ਨੂੰ ਜਾਤ-ਪਾਤ, ਧਰਮ ਤੇ ਮਾਨਵਤਾ ਤੇ ਹੋ ਰਹੀ ਕਾਣੀ ਵੰਡ ਵਿਰੁਧ ਆਵਾਜ਼ ਉਠਾਉਣ ਲਈ ਪ੍ਰੇਰਦੀ ਹੈ। ਗੁਰਬਾਣੀ 'ਸ਼ੁਭ ਕਰਮ' ਕਰਣ ਤੇ 'ਨਾਮ ਜਪਣ' ਤੇ ਜੋਰ ਦੇਂਦੀ ਹੋਈ ਮਨੁੱਖਤਾ ਅੰਦਰ ਇਸ ਅਨਿਆਂ ਪ੍ਰਤੀ ਆਵਾਜ਼ ਉਠਾਉਣ ਲਈ ਪ੍ਰੇਰਦੀ ਹੋਏ ਫਰਮਾਉਂਦੀ ਹੈ ਕਿ :

**ਤਖਤਿ ਰਾਜਾ ਸੋ ਬਹੈ ਜੋ ਤਖਤੈ ਲਾਇਕ ਹੋਇ ।।**

ਗੁਰਬਾਣੀ ਦੀ ਇਸ ਤੁਕ ਇਹ ਫਰਮਾਉਂਦੀ ਹੈ ਕਿ ਇਸ ਭ੍ਰਿਸ਼ਟ ਰਾਜਨੀਤਕ ਅਨਿਆਂ ਨੂੰ ਦੂਰ ਕਰਨ ਲਈ ਇਕ ਸੱਚੇ-ਸੁਚੇ ਆਦਰਸ਼ਕ ਹਾਕਮ ਦਾ ਹੋਣਾ ਵੀ ਜ਼ਰੂਰੀ ਹੈ ਜੋ ਕਿ ਇਹਨਾਂ ਮਾਨਵੀ ਗੁਣਾਂ ਨੂੰ ਆਪਣੀ ਜ਼ਿੰਦਗੀ ਵਿਚ ਅਪਣਾ ਕੇ ਬਣ ਸਕਦਾ ਹੈ ਉਹ ਮਾਨਵੀ ਗੁਣ ਕਿਹੜੇ ਹਨ ਇਸ ਪੇਪਰ ਵਿਚ ਗੁਰਬਾਣੀ ਵਿਚਲੀਆਂ ਤੁਕਾਂ ਦੇ ਆਧਾਰ ਤੇ ਵਿਸ਼ਲੇਸ਼ਣ ਕਰਦੇ ਹੋਏ ਮਨੁੱਖਤਾ ਵਿਚ ਮਾਨਵਤਾ ਦੇ ਸੰਕਲਪ ਨੂੰ ਅਪਣਾ ਕੇ ਇਕ ਆਦਰਸ਼ਵਾਦੀ ਧਾਰਮਿਕ ਮਾਨਵੀ ਗੁਣਾਂ ਨਾਲ ਭਰਪੂਰ ਕਲਿਆਣਕਾਰੀ ਸਮਾਜ ਦੀ ਕਲਪਨਾ ਕਰ ਸਕਦੇ ਹਾਂ। ਆਰਥਿਕ ਲੁਟ-ਖਸੁੱਟ ਵਿਰੁੱਧ ਉਹਨਾਂ ਭਰਪੂਰ ਆਵਾਜ਼ ਉਠਾਈ ਤੇ ਆਖਿਆ-

**ਹਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ ।।**[1]

ਨਾਨਕ ਬਾਣੀ ਅਨੁਸਾਰ ਸਰਬ ਸ਼੍ਰੇਸ਼ਟ ਧਰਮ ਉਹ ਹੈ ਜੋ ਪਰਮਾਤਮਾ ਦਾ ਸਿਮਰਨ ਕਰਨ ਦੇ ਨਾਲ-ਨਾਲ ਨੈਤਿਕ ਕਦਰਾਂ ਕੀਮਤਾਂ ਨੂੰ ਅਪਨਾਉਣ ਦੀ ਗੱਲ ਕਰਦਾ ਹੈ ਅਜਿਹਾ ਧਰਮ ਜਿੱਥੇ ਮਨੁੱਖ ਨੂੰ ਅਧਿਆਤਮਕ ਬਣਾਉਂਦਾ ਹੈ ਉੱਥੇ ਨਾਲ-ਨਾਲ ਮਾਨਵਵਾਦੀ ਵੀ ਬਣਾਉਂਦਾ ਹੈ।

ਨਾਨਕ ਬਾਣੀ ਅਨੁਸਾਰ ਸਤਿ, ਸੰਤੋਖ, ਗਿਆਨ ਦਇਆ, ਧਰਮ, ਖਿਮਾਂ, ਨਿਮਰਤਾ, ਪ੍ਰੇਮ, ਸੇਵਾ ਆਦਿ ਅਨੇਕ ਹੀ ਅਜਿਹੇ ਨੈਤਿਕ ਗੁਣ ਹਨ ਜਿਨਾਂ ਨੂੰ ਧਾਰਨ ਕੀਤੇ ਬਿਨਾਂ ਕੋਈ ਵੀ ਵਿਅਕਤੀ ਆਦਰਸ਼ ਮਨੁੱਖ ਦੀ ਪਦਵੀ ਪ੍ਰਾਪਤ ਨਹੀ ਕਰ ਸਕਦਾ । ਕਿਉਂਕਿ ਇਹ ਮਨੁੱਖੀ ਚਰਿੱਤਰ ਦੀਆਂ ਸੰਚਾਲਕ ਸ਼ਕਤੀਆਂ ਹਨ ਜੋ ਵਿਅਕਤੀ ਨੂੰ ਨੈਤਿਕ ਅਗਵਾਈ ਦਿੰਦੀਆਂ ਹਨ। ਕੂੜ, ਹਿੰਸਾ, ਹਉਮੈ, ਹੱਠ, ਕਪਟ, ਕਾਮ, ਕ੍ਰੋਧ, ਲੋਭ, ਮੋਹ, ਚੁੱਗਲੀ, ਠੱਗੀ, ਵੈਰ, ਵਿਰੋਧ ਅਜਿਹੇ ਅਵਗੁਣ ਹਨ ਜੋ ਮਾਨਵ ਦੇ ਨੈਤਿਕ ਵਿਕਾਸ ਵਿਚ ਵਿਘਨ ਪਾਂਦੇ ਹਨ। ਇਸ ਤਰ੍ਹਾਂ ਨਾਨਕ ਦੀ ਵਿਅਕਤੀਗਤ ਨੈਤਿਕਤਾ ਮਨੁੱਖ ਦੀ ਅਧਿਆਤਮਕ ਸੰਪੂਰਨਤਾ ਦਾ ਆਦਰਸ਼ ਲੈ ਕੇ ਸਾਹਮਣੇ ਆਉਂਦੀ ਹੈ।[2]

ਨਾਨਕ ਬਾਣੀ ਦਾ ਅਧਿਐਨ ਕਰਨ ਉਪਰੰਤ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਹਰੀ ਕਰਮਕਾਡਾਂ ਨੂੰ ਰੀਤੀ ਰਿਵਾਜਾਂ ਜਾ ਸੰਸਕਾਰਾਂ ਦਾ ਖੰਡਨ ਕਰਦੇ ਹੋਏ ਕਹਿੰਦੇ ਹਨ।

**"ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤੁ ਵਟ,**
**ਏਹੁ ਜਨੇਉ ਜੀਅ ਦਾ ਹਈ ਤਾਂ ਪਾਂਡੇ ਘਤੁ,**
**ਨਾ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨ ਜਾਇ**
**ਧੰਨ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ।"**[3]

Dr. Sukhjit Kaur


कृण्वन्तो विश्वमार्यम्

यतेमहि स्वराज्ये

ISSN : 2249-2976

Year : 8
Issue : 32
April-June 2019
www.pramanaresearchjournal.com
Impact Factor : 4.005

(Art, Humanity, Social Science, Commerce, Management, Law & Science Subjects)
(Indexed & Listed at : Copernicus, Poland)
(Indexed & Listed at : Research Bib, Japan)
(Indexed & Listed at : Indian Journal Index (IJINDEX))
(UGC Approved List No. 41241)

(International Refereed)


# Pramāna

## Research Journal


Editor-in-Chief
**Acharya (Dr.) Shilak Ram**

यावत् जीवेत् सुखं जीवेत्

# Acharya Academy

**Bharat**

ISO 9001:2008

मोबलिचिंग का वर्तमान परिदृश्य एवं सुप्रीम कोर्ट की गाइडलाइन्स
- डॉ. योगेन्द्र सिंह 213-217

A Comprehensive Study of the Importance of the Female Messengers in the Mâlatîmâdhavam: In the Context of the Kâmasûtra
- Dr. Shaminaj khan 218-227

श्रीमद्भागवतपुराण में सूत-शौनक संवाद की भूमिका एवं महत्त्व
- डॉ. आशा सिंह रावत 228-232

Open Source Software (OSS)
- Noor Bano 233-238

रासपञ्चाध्यायी का दार्शनिक विवेचन
- पुरुषोत्तम शर्मा 239-244

ਸਭਿਆਚਾਰਕ ਸਮਾਜ ਅਤੇ ਲੋਕਧਾਰਾ
- ਮਨਜੀਤ ਕੌਰ, ਡਾ. ਪਰਮਿੰਦਰ ਸਿੰਘ 245-249

Components of the Natymandapa in Natysastra: Structures Signified
- Deepak 250-254

भारत-आसियान एवं एक्ट ईस्ट पालिसी
- अरूण मेघवाल 255-257

ਮਨੁੱਖੀ ਸੰਵੇਦਨਾ ਨੂੰ ਜ਼ੁਬਾਨ ਦਿੰਦੀ ਸ਼ਾਇਰੀ ਮੰਦਲੀ ਸਵੇਰ (ਰਤਨ ਸਿੰਘ ਢਿੱਲੋਂ)
ਸੋਨੀਆ 258-263

ਸੁਪਨਿਆਂ ਦਾ ਵਿਸ਼ਲੇਸ਼ਣ : ਫਰਾਇਡ ਦੇ ਸੰਦਰਭ ਵਿੱਚ
ਕਿਰਨ ਗਰਗ 264-267

Consequences of Work Life Balance on Personal Life: A Study of Teaching Faculty of Colleges affiliated to Kurukshetra University, Kurukshetra
- Geeta Khanna, Dr. Rajni Saluja 268-279

Impacts of Urbanization in Rural India
- Dharampal Singh, Dr. Bharat Bhushan 280-287

Employer Branding
- Manisha Battan 288-292

मीडिया की भाषा
- वीरेन्द्र सिंह 293-297

ਜਸਵੰਤ ਦੀਦ ਦੇ ਕਾਵਿ-ਸੰਗ੍ਰਹਿ 'ਕਮੰਡਲ' ਦੀ ਕਾਵਿਕ ਵਿਲੱਖਣਤਾ
ਡਾ. ਸੁਖਜੀਤ ਕੌਰ 298-301

Trends of Foreign Direct Investment in BRICS Countries: Infow and Outflow Anlaysis
- Shilpi Devi, Dr. Archna Chaudhry 302-308

Exploration of Human Nature in R. K. Narayan's *The Guide*
- Dr. Usha Mandhan 309-313

Effect of Yogic Practices on Test Anxiety, Social Stress and Academic Stress Among Teacher Trainees
- Dr.Bhanvra Kumari 314-321

Pramāna
International Refereed

Impact Factor : 4.005

Research Journal (ISSN : 2249-2976)
Year-8, Issue-32(Apr.-Jun. 2019) (Page No. 298-301)

# ਜਸਵੰਤ ਦੀਦ ਦੇ ਕਾਵਿ-ਸੰਗ੍ਰਹਿ 'ਕਮੰਡਲ' ਦੀ ਕਾਵਿਕ ਵਿਲੱਖਣਤਾ

ਡਾ. ਸੁਖਜੀਤ ਕੌਰ
ਅਸਿਸਟੈਂਟ ਪ੍ਰੋਫੈਸਰ ਪੰਜਾਬੀ
ਦੂਰਵਰਤੀ ਸਿੱਖਿਆ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਸ਼ੋਧ ਆਲੇਖ ਸਾਰ

ਜਸਵੰਤ ਦੀਦ ਦੀ ਕਾਵਿ-ਭਾਸ਼ਾ ਬਹੁਪੱਖੀ ਹੁੰਦਿਆ ਹੋਇਆ ਮਨੁੱਖੀ ਮਨ ਦੀ ਭਟਕਣ ਅਤੇ ਪੇਚੀਦਾ ਮਸਲਿਆਂ ਨੂੰ ਪਕੜਦੀ ਹੋਈ ਕਦੇ ਕਦੇ ਜਟਿਲਤਾ ਦਾ ਰੂਪ ਵੀ ਅਖਤਿਆਰ ਕਰ ਲੈਂਦੀ ਹੈ। ਜਿਸ ਕਾਰਨ ਪਾਠਕਾਂ ਨੂੰ ਅਰਥ ਸੰਚਾਰ ਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਜਸਵੰਤ ਦੀਦ ਦੇ ਕਾਵਿ-ਸੰਗ੍ਰਹਿ ਵਿਚ ਇਨ੍ਹਾਂ ਕਾਵਿ-ਜੁਗਤਾਂ ਦੀ ਵਰਤੋਂ ਉਸਦੇ ਵਿਸ਼ੇ ਨੂੰ ਸਪਸ਼ਟਤਾ ਤੇ ਸਾਕਾਰਾਤਮਕ ਰੂਪ ਪ੍ਰਦਾਨ ਕਰਦੇ ਹਨ।

ਮੁੱਖ ਸ਼ਬਦ : ਸਾਹਿਤਕ ਸਫ਼ਰ, ਅੰਤਰ-ਦਵੰਦ, ਅਧਿਆਤਮਕਤਾ, ਆਧੁਨਿਕਤਾ ।

ਜਸਵੰਤ ਦੀਦ ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਇਕ ਉੱਘਾ ਕਵੀ ਹੈ। ਜਸਵੰਤ ਦੀਦ 'ਇਕ ਲੱਪ ਯਾਦਾਂ ਦੀ' ਕਹਾਣੀ-ਸੰਗ੍ਰਹਿ ਰਾਹੀਂ ਆਪਣਾ ਸਾਹਿਤਕ ਸਫ਼ਰ ਸ਼ੁਰੂ ਕਰਦਾ ਹੈ ਪਰ ਕਵਿਤਾ ਦੇ ਖੇਤਰ ਵਿਚ ਉਸ ਦੀ ਆਮਦ ਅੱਠਵੇਂ ਦਹਾਕੇ ਤੋਂ ਬਾਅਦ ਹੁੰਦੀ ਹੈ। ਹੁਣ ਤਕ ਦੀਦ ਪੰਜਾਬੀ ਸਾਹਿਤ ਦੀ ਝੋਲੀ ਵਿਚ ਇਹ ਕਾਵਿ ਸੰਗ੍ਰਹਿ ਪਾ ਚੁੱਕਿਆ ਹੈ 'ਖੰਚੇ ਤੇ ਡਰਦੀ ਕਵਿਤਾ' (1986), ਅਚਨਚੇਤ (1990), ਆਵਾਜ਼ ਆਏਗੀ ਅੱਜੇ (1996) ਘੁੰਡੀ (2000), ਕਮੰਡਲ (2004)। ਦੀਦ ਨੂੰ 'ਕਮੰਡਲ' ਕਾਵਿ ਪੁਸਤਕ ਉੱਪਰ 2007 ਵਿਚ ਸਾਹਿਤ ਅਕਾਦਮੀ ਦਾ ਪੁਰਸਕਾਰ ਵੀ ਮਿਲ ਚੁੱਕਿਆ ਹੈ।

ਸਮਕਾਲੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਜਸਵੰਤ ਦੀਦ ਨੇ ਆਪਣੀ ਵਿਲੱਖਣ ਪਹਿਚਾਣ ਅਤੇ ਪ੍ਰਤਿਭਾ ਨੂੰ ਸਥਾਪਿਤ ਕੀਤਾ ਹੈ। ਇਸ ਦੇ ਪਿੱਛੇ ਕਾਰਜਸ਼ੀਲ ਉਸ ਦੀ ਰਚਨਾਤਮਕ/ਕਾਵਿਕ-ਦ੍ਰਿਸ਼ਟੀ ਹੈ। ਦੀਦ ਦੀ ਕਾਵਿਕ-ਦ੍ਰਿਸ਼ਟੀ ਪੁਰਖਿਆ ਨਾਲ ਸੰਵਾਦ ਰਚਾਉਂਦੀ, ਔਰਤ-ਮਰਦ ਦੇ ਆਪਸੀ ਰਿਸ਼ਤਿਆਂ ਨੂੰ ਬਿਆਨਦੀ, ਅੰਤਰ-ਦਵੰਦ ਅਤੇ ਸਵੈ-ਕਟਾਖਸ਼ ਆਧੁਨਿਕਤਾ ਤੇ ਪਰੰਪਰਾ ਦੀ ਆਪਸੀ ਸਾਂਝ ਤੇ ਦਵੰਦਾਤਮਕਤਾ ਜਿਹੇ ਸਰੋਕਾਰਾਂ ਵਿਚੋਂ ਸਿਰਜਦੀ ਹੋਈ ਅਧਿਆਤਮਕਤਾ ਦੇ ਮੰਡਲਾਂ ਨੂੰ ਜਾ ਛੂੰਹਦੀ ਹੈ। ਜਸਵੰਤ ਦੀਦ ਆਪਣੇ ਕਾਵਿ-ਸੰਗ੍ਰਹਿ 'ਕਮੰਡਲ' ਵਿਚ ਅਜਿਹੇ ਅਨੇਕਾਂ ਹੀ ਸਰੋਕਾਰਾਂ ਨੂੰ ਪੇਸ਼ ਕਰਦਾ ਹੈ।

ਮੇਰੇ ਹੱਥਲੇ ਪੇਪਰ ਦਾ ਵਿਸ਼ਾ ਇਥੇ ਉਸਦੇ ਕਾਵਿ-ਸੰਗ੍ਰਹਿ 'ਕਮੰਡਲ' ਦੀ ਕਾਵਿਕ ਵਿਲੱਖਣਤਾ ਨਾਲ ਸੰਬੰਧਿਤ ਹੈ। ਇਸ ਲਈ ਅਸੀਂ ਇੱਥੇ ਜਸਵੰਤ ਦੀਦ ਦੇ ਕਾਵਿ-ਸੰਗ੍ਰਹਿ ਕਮੰਡਲ ਵਿਚ ਵਰਤੀਆਂ ਗਈਆਂ ਉਸਦੀਆਂ ਕਾਵਿਕ-ਜੁਗਤਾਂ, ਭਾਸ਼ਾਈ-ਸ਼ੈਲੀ ਬਾਰੇ ਗੱਲ ਕਰਾਂਗੇ।

ਜਸਵੰਤ ਦੀਦ ਦੀ 'ਕਮੰਡਲ' ਵਿਚ ਪੇਸ਼ ਹੋਈਆਂ ਕਾਵਿ-ਜੁਗਤਾਂ ਦੀ ਗੱਲ ਕਰਨ ਤੋਂ ਪਹਿਲਾਂ ਸਾਡੇ ਲਈ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਹ ਕਾਵਿ-ਜੁਗਤਾਂ ਹੁੰਦੀਆਂ ਕੀ ਨੇ। ਕਿਸੇ ਕਵਿਤਾ ਵਿਚ ਵਸਤੂ ਦੀ ਪੇਸ਼ਕਾਰੀ ਲਈ ਅਣਗਿਣਤ ਵਿਧੀਆਂ ਹੋ ਸਕਦੀਆਂ ਹਨ। ਇਹ ਵਿਧੀਆਂ ਜੁਗਤਾਂ ਅਖਵਾਉਂਦੀਆਂ ਹਨ। ਇਹ ਜੁਗਤਾਂ ਸਚੇਤ ਰੂਪ ਵਿਚ ਵੀ ਹੋ ਸਕਦੀਆਂ ਹਨ ਅਤੇ ਅਚੇਤ ਵੀ। ਕਿਸੇ (ਹਰੇਕ) ਵੀ ਕਾਵਿ-ਰਚਨਾ ਪਿੱਛੇ ਉਸ ਕਵੀ ਦੀ ਰਚਨਾ-ਦ੍ਰਿਸ਼ਟੀ ਕੰਮ ਕਰ ਰਹੀ ਹੁੰਦੀ ਹੈ। ਸੋ ਕਿਸੇ ਕਵਿਤਾ ਵਿਚ ਵਰਤੀਆਂ ਗਈਆਂ ਜੁਗਤਾਂ ਦੇ ਵਿਸ਼ਲੇਸ਼ਣ ਰਾਹੀਂ ਅਸੀਂ ਕਵੀ ਦੀ ਦ੍ਰਿਸ਼ਟੀ ਤੱਕ ਪਹੁੰਚ ਸਕਦੇ ਹਾਂ। ਇਹ ਅਨੁਭਵ ਲੇਖਕ ਦੇ ਮਨ ਵਿਚ ਅਚੇਤ ਰੂਪ ਵਿਚ ਪਏ ਹੁੰਦੇ ਹਨ। ਜਿਸਨੂੰ ਲੇਖਕ ਸਮਾਜ ਵਿਚੋਂ ਚੰਗੇ ਮਾੜੇ ਅਨੁਭਵ ਵਿਚੋਂ ਗ੍ਰਹਿਣ ਕਰਦਾ ਹੈ। ਜਦੋਂ ਅਸੀਂ ਭਾਸ਼ਾ ਰਾਹੀਂ ਇਹਨਾਂ ਅਮੂਰਤ ਵਿਚਾਰਾਂ ਨੂੰ ਸਮੂਰਤ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਸ ਸਮੇਂ ਅਸੀਂ ਕੁੱਝ ਕਾਵਿਕ-ਜੁਗਤਾਂ ਦੀ ਵਰਤੋਂ ਕਰਦੇ ਹਾਂ। ਕਾਵਿਕ ਜੁਗਤਾਂ ਨੂੰ ਦੂਜੇ ਸ਼ਬਦਾਂ ਵਿਚ ਭਾਸ਼ਾਈ ਜੁਗਤਾਂ ਵੀ ਕਿਹਾ ਜਾਂਦਾ ਹੈ।

ਕੋਈ ਵੀ ਕਵੀ ਆਪਣੇ ਵਿਸ਼ਾ ਨੂੰ ਪ੍ਰਗਟ ਕਰਨ ਦੇ ਲਈ ਆਪਣੀ ਯੋਗਤਾ ਜਾਂ (ਸਮਰਥਾ ਦੇ ਮੁਤਾਬਿਕ) ਦੇ ਅਨੁਸਾਰ ਜੁਗਤਾਂ ਦੀ ਵਰਤੋਂ ਕਰਦਾ ਹੈ। ਹਰ ਕਵੀ ਜਾਂ ਲੇਖਕ ਦਾ ਆਪਣਾ ਕਹਿਣ ਦਾ ਢੰਗ ਹੁੰਦਾ ਹੈ ਤੇ ਉਸੇ ਅਨੁਸਾਰ ਉਹ ਜੁਗਤਾਂ ਦੀ ਵਰਤੋਂ ਕਰਦਾ ਹੈ।

ਹੁਣ ਅਸੀਂ 'ਜਸਵੰਤ ਦੀਦ' ਦੀ ਪੁਸਤਕ 'ਕਮੰਡਲ' ਵਿਚ ਪੇਸ਼ 'ਕਾਵਿ-ਜੁਗਤਾਂ' ਅਤੇ ਕਾਵਿ ਭਾਸ਼ਾ ਦੀ ਗੱਲ ਕਰਾਂਗੇ। 'ਜਸਵੰਤ ਦੀਦ' ਆਪਣੀ 'ਕਮੰਡਲ' ਕਾਵਿ-ਪੁਸਤਕ ਵਿਚ ਵਿਅੰਗਾਤਮਕ, ਨਾਟਕੀ, ਸੰਬੋਧਨੀ, ਸਵੈ-ਸੰਬੋਧਨੀ, ਤਣਾਉਸ਼ੀਲ, ਪ੍ਰਸ਼ਨੋਤਰੀ, ਪਿੱਛਲਝਾਤ ਆਦਿ ਕਾਵਿ-ਜੁਗਤਾਂ ਦੀ ਵਰਤੋਂ ਆਪਣੇ ਇਸ ਕਾਵਿ-ਸੰਗ੍ਰਹਿ ਵਿ ਕਰਦਾ ਹੈ।

Dr. Sukhjit Kaur

Volume - XLIX 2015

ISSN 0454-6962

# KURUKSHETRA UNIVERSITY RESEARCH JOURNAL

## (ARTS & HUMANITIES)

A Refereed Journal

Editor
**Prof. Chandra Paul Singh**

## KURUKSEHTRA UNIVERSITY KURUKSHETRA

(Established by the State Legislature Act XII of 1956)
("A+" Grade, NAAC Accredited)]

**Issued in July 2019**

| | | | |
|---|---|---|---|
| 19. | पाश्चात्य देशों में भारतीय संगीत का प्रचार और प्रसार | डॉ आरती श्योकन्द | 170-174 |
| 20. | समाचार-पत्रों में प्रकाशित विज्ञापनों का उपभोक्ता पर प्रभाव | संदीप कुमार | 175-179 |
| 21. | भारतीय कला में अमूर्तन परिकल्पना | कुलदीप सिंह | 180-186 |
| 22. | वैदिक रूद्र : एक विवेचन | डॉ. राजबीर आर्य | 187-192 |
| 23. | संवेदनशील कलाकार गोपाल नायडू | डॉ. जया दारोंडे | 193-197 |
| 24. | कला बाजार में मीडिया का यथार्थ | उज्ज्वल सु. काडोदे | 198-201 |
| 25. | हरियाणा सरकार और दलित शिक्षा नीति 1966-1999 | डॉ. पवन कुमार | 202-210 |
| 26. | विश्वप्रसिद्ध कलावृत्तियों का विश्लेषण : रंगमनोविज्ञान के दृष्टिकोण से | डॉ आनन्द जायसवाल<br>स्नेहलता | 211-221 |
| 27. | सेलेब्रिटीज़ द्वारा उत्पादों के विपणन के लिए संस्तुति विज्ञापन के एक साधन के रूप में चिकित्सकों की भूमिका का अध्ययन | डॉ. मोनिका गुप्ता | 222-227 |
| 28. | ''ट्रैवनियर के यात्रा वृत्तान्त में चित्रित मुगलकालीन आर्थिक सूचनाएँ: एक आलोचनात्मक अध्ययन'' | डॉ. अनुराग | 228-232 |


## Section -III


| | | | |
|---|---|---|---|
| 29. | ਜਿੰਦਰ ਦੀਆਂ ਕਹਾਣੀਆਂ ਵਿਚਲੀ ਦਲਿਤ ਚੇਤਨਾ | ਡਾ. ਸੁਖਜੀਤ ਕੌਰ | 235-243 |
| 30. | ਪੰਜਾਬੀ ਭਾਸ਼ਾਈ ਕੋਸ਼ਾਂ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਗ੍ਰਹਿਣ ਕਰਨ ਦੀ ਸਮੱਸਿਆ : ਵਿਭਿੰਨ ਪ੍ਰਸੰਗ | ਡਾ. ਅਕਵਿੰਦਰ ਕੌਰ ਤਨਵੀ | 244-252 |
| 31. | ਪੰਜਾਬੀ ਸਵੈਜੀਵਨੀ : ਨਾਰੀ ਸਰੋਕਾਰ (ਅੰਮ੍ਰਿਤਾ, ਟਿਵਾਣਾ ਅਤੇ ਅਜੀਤ ਕੌਰ ਦੇ ਵਿਸ਼ੇਸ਼ ਪ੍ਰਸੰਗ ਵਿੱਚ) | ਡਾ. ਪਰਮਜੀਤ ਕੌਰ ਸਿੱਧੂ* | 253-260 |

# ਜਿੰਦਰ ਦੀਆਂ ਕਹਾਣੀਆਂ ਵਿਚਲੀ ਦਲਿਤ ਚੇਤਨਾ

**ਡਾ. ਸੁਖਜੀਤ ਕੌਰ***

ਭਾਰਤੀ ਸਮਾਜ ਵਿਵਸਥਾ ਵਿਚ ਦਲਿਤ ਦੀ ਸਥਿਤੀ ਹਮੇਸ਼ਾ ਨਪੀੜਨ ਵਾਲੀ ਰਹੀ ਹੈ। ਭਾਰਤੀ ਵਰਣ ਵਿਵਸਥਾ ਅਨੁਸਾਰ ਜਨਮ ਤੇ ਜਾਤੀ ਦੇ ਆਧਾਰ ਤੇ ਕੀਤੀ ਵੰਡ ਅਤੇ ਇਸ ਵੰਡ ਦੇ ਆਧਾਰ ਤੇ ਭਿੱਟ ਵਾਲਾ ਵਿਹਾਰ ਕਰਨਾ ਨਾ ਕੇਵਲ ਅਮਾਨਵੀ ਵਰਤਾਰਾ ਹੈ ਬਲਕਿ ਇਹ ਇਕ ਵੱਖਰੀ ਕਿਸਮ ਦਾ ਸਮਾਜਿਕ ਵਰਤਾਰਾ ਹੈ ਜੋ ਕਿ ਬ੍ਰਾਹਮਣਵਾਦ ਦੀ ਦੇਣ ਹੈ। ਭਾਰਤੀ ਸਮਾਜਿਕ ਢਾਂਚੇ ਅੰਦਰ ਭਾਵੇਂ ਸਰਕਾਰੀ ਤੌਰ 'ਤੇ ਮਿਲੇ ਰਾਂਖਵੇਂਕਰਨ ਕਾਰਨ ਦਲਿਤਾਂ ਦੀ ਆਰਥਿਕ ਸਥਿਤੀ ਵਿਚ ਕੁਝ ਸੁਧਾਰ ਜਰੂਰ ਹੋਇਆ ਹੈ ਪਰ ਉਹਨਾਂ ਨੂੰ ਸਮਾਜਿਕ ਪ੍ਰਵਾਨਗੀ ਅਜੇ ਮਿਲਣੀ ਬਾਕੀ ਹੈ।21ਵੀਂ ਸਦੀ ਦੇ ਇਸ ਆਧੁਨਿਕਤਾਵਾਦੀ ਯੁਗ ਵਿਚ ਵੀ ਸਾਡੀ ਭਾਰਤੀਆਂ ਦੀ ਮਾਨਸਿਕ ਅਵਚੇਤਨ ਵਿਚ ਜਾਤੀਗਤ ਵੰਡ ਦਾ ਸਵਾਲ ਜਿਉਂ ਦਾ ਤਿਉਂ ਵਿਦਮਾਨ ਹੈ। ਜਿੰਦਰ ਦੀ ਕਹਾਣੀ ਦੀ ਮੁੱਖ ਸੁਰ ਸਮਾਜਿਕ, ਆਰਥਿਕ ਪੱਖੋਂ ਦੱਬੇ ਨਪੀੜੇ, ਹੀਣੇ ਮਨੁੱਖ ਦੀ ਦਾਸਤਾਨ ਸੁਣਾਉਂਦੀ ਹੋਈ, ਉਨ੍ਹਾਂ ਦੀਆਂ ਔਰਤਾਂ ਨਾਲ ਹੁੰਦੇ ਜਿਨਸੀ ਸ਼ੋਸਣ ਦਾ ਪ੍ਰਸੰਗ ਸਿਰਜਣ ਦੇ ਨਾਲ-ਨਾਲ ਜਿੱਥੇ ਉਚੀਆਂ/ਸਵਰਨ ਜਾਤਾਂ ਦਾ ਜਾਤੀ ਹਉਮੈ ਨੂੰ ਉਲੀਕਦੀ ਹੈ। ਉੱਥੇ ਉਹ ਇਹਨਾਂ ਦਲਿਤ ਲੋਕਾਂ ਵਿਚ ਆਈ ਚੇਤਨਾ ਦਾ ਕਾਰਣ ਰਾਜਨੀਤਿਕ ਲਹਿਰ ਨੂੰ ਦੱਸਦਾ ਹੈ।ਉਸਨੇ ਜਮਾਤ ਬਦਲਣ ਦੇ ਨਾਲ ਜਾਤ ਬਦਲਣ ਦੀ ਸਮਝੌਤਾਵਾਦੀ ਸੋਚ ਨੂੰ ਵੀ ਉਭਾਰਿਆ ਹੈ।

ਦਲਿਤ ਦੀ ਹੋਂਦ ਤੇ ਚੇਤਨਾ ਦਾ ਮੁੱਦਾ ਅੱਜ ਦੇ ਯੁਗ ਦਾ ਇਕ ਭੱਖਵਾਂ ਮੁੱਦਾ ਹੈ। ਭਾਰਤੀ ਸਮਾਜ ਵਿਵਸਥਾ ਵਿਚ ਦਲਿਤ ਦੀ ਸਥਿਤੀ ਹਮੇਸ਼ਾ ਨਪੀੜਨ ਵਾਲੀ ਰਹੀ ਹੈ। ਇਸ ਦਲਿਤ ਨਪੀੜਨ ਦਾ ਲੰਮਾ ਇਤਿਹਾਸ ਹੈ। ਭਾਰਤੀ ਵਰਣ ਵਿਵਸਥਾ ਅਨੁਸਾਰ ਜਨਮ ਤੇ ਜਾਤੀ ਦੇ ਆਧਾਰ ਤੇ ਕੀਤੀ ਵੰਡ ਅਤੇ ਇਸ ਵੰਡ ਦੇ ਆਧਾਰ ਤੇ ਭਿੱਟ ਵਾਲਾ ਵਿਹਾਰ ਕਰਨਾ ਨਾ ਕੇਵਲ ਅਮਾਨਵੀ ਵਰਤਾਰਾ ਹੈ ਬਲਕਿ ਇਹ ਇਕ ਵੱਖਰੀ ਕਿਸਮ ਦਾ ਸਮਾਜਿਕ ਵਰਤਾਰਾ ਹੈ ਜੋ ਕਿ ਬ੍ਰਾਹਮਣਵਾਦ ਦੀ ਦੇਣ ਹੈ। ਇਸ ਬ੍ਰਾਹਮਣਿਕ ਵਿਵਸਥਾ ਅਨੁਸਾਰ ਸ਼ੂਦਰ ਨੂੰ ਅਛੂਤ ਤੇ ਅਦਵਿਜ ਕਰਾਰ ਦੇ ਕੇ ਉਹਨ੍ਹਾਂ ਨੂੰ ਸਮਾਜ ਦੇ ਹਰ ਪੱਖ ਤੋਂ ਲਾਂਭੇ ਰੱਖਿਆ ਗਿਆ ।

ਆਧੁਨਿਕ ਚੇਤਨਾ ਕਾਰਨ ਭਾਰਤੀ ਸਮਾਜ ਦੇ ਇਸ ਪੀੜਿਤ ਵਰਗ ਨੂੰ ਵਰਤਮਾਨ ਸਮੇਂ ਵਿਚ ਵਿੱਦਿਆ ਪ੍ਰਾਪਤੀ ਵਿਚ ਰਾਂਖਵਾਂਕਰਨ, ਰਾਜਨੀਤੀ ਅਤੇ ਪ੍ਰਸ਼ਾਸ਼ਨ ਵਿਚ ਹਿੱਸੇਦਾਰੀ ਦਾ ਰਾਂਖਵਾਂਕਰਨ, ਸੰਵਿਧਾਨਕ ਸੁਰੱਖਿਆ ਅਤੇ ਦਲਿਤ ਸਾਹਿਤ ਨਾਲ ਕਾਫ਼ੀ ਢਾਰਸ ਮਿਲੀ ਹੈ। ਇਸ ਨਾਲ ਦਲਿਤਾਂ ਦੀ ਸਥਿਤੀ ਵਿਚ ਕਾਫੀ ਸੁਧਾਰ ਹੋਇਆ ਹੈ।

ਭਾਰਤ ਦੀ ਇਸ ਰਾਜਸੀ/ਸਮਾਜੀ ਵਿਵਸਥਾ ਦੀ ਸਥਿਤੀ ਤੋਂ ਜਾਣੂ ਹੋਣ ਤੋਂ ਬਾਅਦ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ 'ਦਲਿਤ' ਕੌਣ ਹੈ, ਦਲਿਤ ਦਾ ਅਰਥ ਕੀ ਹੈ। ਇਹਨਾਂ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਅਸੀਂ 'ਦਲਿਤ' ਸ਼ਬਦ ਨੂੰ ਸਮਝਣ ਦਾ ਯਤਨ ਕਰਾਂਗੇ। ਅਸਲ ਵਿਚ 'ਦਲਿਤ' ਸ਼ਬਦ ਸੰਸਕ੍ਰਿਤ ਤੇ ਹੋਰ ਉੱਤਰ ਭਾਰਤੀ ਬੋਲੀਆਂ ਵਿਚ ਹੀ ਨਹੀਂ ਸਗੋਂ ਮੱਧ ਪੂਰਬੀ ਏਸ਼ੀਆਂ ਦੀਆਂ ਪੁਰਾਤਨ ਬੋਲੀਆਂ ਵਿਚ ਵੀ ਮਿਲਦਾ ਹੈ। 'ਦਲਿਤ' ਸ਼ਬਦ ਦਾ ਧਾਤੂ ਰੂਪ ਹਿਬਰੀ ਭਾਸ਼ਾ 'ਦਲ' ਭਾਵ ਕਮਜ਼ੋਰ, ਦੁਰਬਲ ਤੋਂ ਹੈ, ਅਤੇ ਸੰਸਕ੍ਰਿਤੀ ਵਿਚ ਇਸ ਦੇ ਅਰਥ ਟੁੱਟਿਆ ਹੋਇਆ ਜਾਂ ਸ਼ੋਸ਼ਿਤ ਰੂਪ ਵਿਚ ਲਏ ਗਏ ਹਨ। ਦੋਵਾਂ ਦਾ ਅਰਥ ਇਕੋ ਹੀ ਹੈ ਸੰਸਕ੍ਰਿਤੀ ਵਿਚਲੇ 'ਦਲਿਤ' ਸ਼ਬਦ ਦੀ ਜੜ੍ਹ ਆਰੀਆਈ ਬ੍ਰਾਹਮਣਵਾਦੀ ਸੰਸਕ੍ਰਿਤੀ ਵਿਚ ਹੈ ਜਿਸ ਵਿਚ ਚਾਰ ਵਰਣ ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ ਸਾਹਮਣੇ ਆਏ। ਭਾਈ ਕਾਹਨ ਸਿੰਘ ਨਾਭਾ ਨੇ ਆਪਣੇ ਮਹਾਨ ਕੋਸ਼ ਵਿਚ ਦਲਿਤ ਦੇ ਅਰਥ ਇਸ ਤਰ੍ਹਾਂ ਦਿੱਤੇ ਹਨ :

> "ਦੱਬਿਆ ਹੋਇਆ, ਕੁਚਲਿਆ ਹੋਇਆ, ਹੀਣ ਜਾਤ ਵਾਲਾ ਜੋ ਉੱਚ ਜਾਤਾਂ ਦੇ ਪੈਰਾਂ ਹੇਠ ਦਲਿਆ ਗਿਆ ਹੋਵੇ।"[1]

---

*ਅਸਿਸਟੈਂਟ ਪ੍ਰੋਫੈਸਰ ਪੰਜਾਬੀ, ਦੂਰਵਰਤੀ ਸਿੱਖਿਆ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

Dr. Sukhjit Kaur

आचार्य अकादमी

यावत् जीवेत् सुखं जीवेत्

ISSN : 2348-0114
Impact Factor : 2.632
मूल्य ₹ : 500
वर्ष : 4
अंक : 15
(मई–जुलाई 2017)
www.chintanresearchjournal.com

सम्पादक :
आचार्य (डॉ.) शीलक राम

# हिन्दू

(International Refereed)

कला, साहित्य, मानविकी, समाज–विज्ञान, वाणिज्य, प्रबंधन, विधि एवं विज्ञान विषयों का अंतर्राष्ट्रीय मूल्यांकित त्रैमासिक रिसर्च जर्नल

## आचार्य अकादमी, भारत

ISO 9001:2008

Business Development for Medical Product 340-345
Deepika

**Management**----------------------------------------

Food Parks in India : Opportunities and Challenges 346-349
Dr. Utkarsh Mangal

A Study on Quality of Work Life of teachers in Private Professional Institutions 350-357
Manisha Singh

**Social Science/Home Science**----------------------------------------

Effects of classroom management on teachers and students 358-363
Tannu Sharma

A Review on Bullying in Schools 364-369
Shakti Sharma

**Geography**----------------------------------------

Factors Influencing the Crime in Delhi 370-375
Dr. Naresh Kumar

Co-relates of Literacy Rate and Sex-Ratio in Gumthala Garhu Village – A Case Study 376-380
Mr. Narender Kumar, Dr. Sushil Kumar

Double Sequences and Their Limits 381-383
Umang Bareja

**पत्रकारिता एवं जनसंचार**----------------------------------------

भारत में राजनीतिक विज्ञापनों के उभरते रुझान : एक अध्ययन 384-389
रविन्द्र सिंह

**पंजाबी साहित्य**----------------------------------------

ਗੁਰੂ ਨਾਨਕ ਬਾਣੀ ਵਿੱਚ ਬ੍ਰਹਮ ਦਾ ਸੰਕਲਪ 390-395
ਡਾ. ਮਨਜੀਤ ਕੌਰ

ਵਰਿਆਮ ਸੰਧੂ ਦੇ ਕਥਾ-ਵਸਤੂ ਵਿਚ ਪੇਸ਼ ਸਰੋਕਾਰ 396-401
ਡਾ. ਸੁਖਜੀਤ ਕੌਰ

ਲੋਕਯੁੱਧ ਦਾ ਸਿਪਾਹੀ : ਸੰਤ ਰਾਤ ਉਦਾਸੀ 402-408
ਡਾ. ਸੋਨੀਆ ਰਾਨੀ

ਪੰਜਾਬੀ ਸਭਿਆਚਾਰ : ਵਰਤਮਾਨ ਤੇ ਭਵਿੱਖ 409-410
ਜਗਦੀਪ ਸਿੰਘ

ਅਜੀਤ ਕੌਰ ਦੀ ਕਹਾਣੀ 'ਅੱਕ ਦੇ ਫੁੱਲ : ਬਿਰਤਾਂਤਕ ਜੁਗਤਾਂ : ਇਕ ਅਧਿਐਨ 411-416
–ਡਾ. ਬਲਵਾਨ ਸਿੰਘ

ਸ੍ਰੀ ਗੁਰੂ ਅਮਰਦਾਸ ਦੀ ਬਾਣੀ ਦਾ ਬਿੰਬ-ਵਿਧਾਨ 417-422
ਡਾ. ਕੁਲਵਿੰਦਰ ਸਿੰਘ

'ਕੌਰਵ ਸਭਾ' : ਥੀਮਕ ਅਧਿਐਨ 423-425
ਪ੍ਰੋ. ਸਰਬਜੀਤ ਕੌਰ

ਰਾਮ ਸਰੂਪ ਅਣਖੀ ਰਚਿਤ ਨਾਵਲ 'ਦੁੱਲੇ ਦੀ ਢਾਬ' : ਪ੍ਰਮੁੱਖ ਸਰੋਕਾਰ। 426-429
ਰਾਜਿੰਦਰ ਸਿੰਘ

ਬਲਦੇਵ ਸਿੰਘ ਦੇ ਨਾਵਲ ਅੰਨਦਾਤਾ ਵਿੱਚ ਨਿਮਨ ਕਿਸਾਨੀ 430-435
ਅਮਨਦੀਪ ਕੌਰ

**Misc.**----------------------------------------

Cultural Tourism in India 436-440
Gaurav Tyagi

(International Refereed)
Impact Factor 2.632

पंजाबी साहित्य

हिन्दू अंतरराष्ट्रीय त्रैमासिक शोध-पत्रिका

वर्ष:4, अंक:15 (मई-जुलाई, 2017) (पृ.सं. 396-401) (ISSN 2348 – 0114)

# ਵਰਿਆਮ ਸੰਧੂ ਦੇ ਕਥਾ-ਵਸਤੂ ਵਿਚ ਪੇਸ਼ ਸਰੋਕਾਰ

ਡਾ. ਸੁਖਜੀਤ ਕੌਰ
ਅਸਿਸਟੈਂਟ ਪ੍ਰੋਫੈਸਰ ਪੰਜਾਬੀ
ਦੂਰਵਰਤੀ ਸਿੱਖਿਆ ਵਿਭਾਗ,
ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਸ਼ੋਧ ਆਲੇਖ ਸਾਰ

ਵਰਿਆਮ ਸੰਧੂ ਦੀਆਂ ਕਹਾਣੀ ਦਾ ਕਥਾ-ਮਾਡਲ ਭਾਵੇਂ ਆਰਥਿਕ, ਰਾਜਨੀਤਿਕ ਜਾਂ ਸਮਾਜਕ ਹੋਵੇ, ਸੰਧੂ ਕਿਤੇ ਵੀ ਭਾਵੁਕ ਹੋ ਕੇ ਕਥਾ ਰਚਨਾ ਨਹੀਂ ਕਰਦਾ ਸਗੋਂ ਅਪਣੀ ਕਥਾ ਰਚਨਾ ਵਿਚੋਂ ਅਨੇਕਾਂ ਨਿੱਕੇ-ਨਿੱਕੇ ਵੇਰਵਿਆਂ ਰਾਹੀਂ ਸਥਿਤੀ ਦੇ ਯਥਾਰਥ ਨੂੰ ਉਘਾੜ ਕੇ ਪੇਸ਼ ਕਰਨ ਦੀ ਸਮੱਰਥਾ ਰੱਖਦਾ ਹੈ।

ਮੁਖ ਸ਼ਬਦ : ਨਕਸਲਬਾੜੀ ਲਹਿਰ, ਦਲਿਤ ਚੇਤਨਾ, ਯਥਾਰਥਵਾਦ, ਸਭਿਆਚਾਰ।

ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਵਰਿਆਮ ਸਿੰਘ ਸੰਧੂ ਇਕ ਨਾਮਵਰ ਹਸਤਾਖ਼ਰ ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਕਹਾਣੀ ਦੇ ਇਤਹਾਸ ਵਿਚ ਵਰਿਆਮ ਸਿੰਘ ਸੰਧੂ ਦੀ ਆਮਦ 'ਲੋਹੇ ਦੇ ਹੱਥ' ਕਹਾਣੀ ਸੰਗ੍ਰਹਿ ਨਾਲ ਹੁੰਦੀ ਹੈ। ਇਸ ਤੋਂ ਬਾਅਦ 1981 ਵਿਚ 'ਅੰਗ-ਸੰਗ', 1987 ਵਿਚ 'ਭੱਜੀਆਂ ਬਾਹੀਂ' ਅਤੇ ਚੌਥਾ ਕਹਾਣੀ ਸੰਗ੍ਰਹਿ 2000 ਵਿਚ 'ਚੌਥੀ ਕੂਟ' ਪ੍ਰਕਾਸ਼ਿਤ ਕਰਕੇ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾ ਚੁਕਿਆ ਹੈ। ਵਰਿਆਮ ਸਿੰਘ ਸੰਧੂ ਨੇ ਕਹਾਣੀ ਦੀਆਂ ਅਸੀਮ ਸੰਭਾਵਨਾਵਾਂ ਦੀ ਥਾਹ ਪਾਉਂਦੇ ਹੋਏ ਇਸ ਨੂੰ ਵਿਭਿੰਨ ਕੋਣਾਂ ਤੋਂ ਸਮਝਣ ਤੇ ਸਿਰਜਣ ਦੀ ਪ੍ਰਕ੍ਰਿਆ ਹੀ ਇਸ ਨੂੰ ਦੂਜੇ ਸਾਹਿਤਕਾਰਾਂ ਨਾਲੋਂ ਵੱਖਰਾਉਂਦੀ ਹੈ।

ਅਠਾਰਵੀਂ ਸਦੀ ਦੇ ਮਾਹਰਕਾਰ ਕਿੱਸਾਕਾਰ ਕਵੀ ਵਾਰਿਸ ਸ਼ਾਹ ਤੋਂ ਬਾਅਦ ਜੇਕਰ ਪੰਜਾਬੀ ਸਭਿਆਚਾਰਾਂ ਦੇ ਅੰਤਰ-ਵਿਰੋਧਾਂ, ਤਨਾਵਾਂ, ਟਕਰਾਵਾਂ ਅਤੇ ਇਸ ਤੋਂ ਉਪਜੇ ਸਭਿਆਚਾਰਕ ਵਿਗਾੜਾਂ ਨੂੰ ਬਿਰਤਾਂਤ ਦੀ ਪੱਧਰ ਤੇ ਜੇ ਕੋਈ ਸਮਝ ਪਾਇਆ ਹੈ ਤਾਂ ਉਹ ਕਹਾਣੀਕਾਰ ਵਰਿਆਮ ਸੰਧੂ ਹੈ ਜੇਕਰ ਕੁਲਵੰਤ ਸਿੰਘ ਵਿਰਕ ਨੂੰ ਨਿੱਕੀ ਕਹਾਣੀ ਦਾ ਬਾਦਸ਼ਾਹ ਕਿਹਾ ਜਾਂਦਾ ਹੈ ਤਾਂ ਵਰਿਆਮ ਸੰਧੂ ਨੂੰ ਲੰਮੀ ਕਹਾਣੀ ਦਾ ਬਾਦਸ਼ਾਹ ਕਿਹਾ ਜਾਂਦਾ ਹੈ। ਵਰਿਆਮ ਸੰਧੂ ਦੀ ਵਿਚਾਰਧਾਰਾ ਬਾਰੇ ਬਲਦੇਵ ਸਿੰਘ ਧਾਲੀਵਾਲ ਦੀ ਰਾਇ ਹੈ : "ਵਰਿਆਮ ਸਿੰਘ ਸੰਧੂ ਨੇ ਵਿਸ਼ੇਸ਼ ਤੌਰ ਤੇ ਕਿਸਾਨੀ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਆਪਣਾ ਰਚਨਾ-ਵਸਤੂ ਬਣਾਇਆ। ਨਕਸਲਬਾੜੀ ਲਹਿਰ, ਦਲਿਤ ਚੇਤਨਾ ਅਤੇ ਪੰਜਾਬ ਸੰਕਟ ਬਾਰੇ ਕੁਝ ਅਤੀ ਚਰਚਿਤ ਕਹਾਣੀਆਂ ਲਿਖੀਆਂ। ਉਸ ਦੀ ਰਚਨਾ ਦ੍ਰਿਸ਼ਟੀ ਨਵ-ਪ੍ਰਗਤੀਵਾਦ ਦੀ ਧਾਰਨੀ ਹੈ। ਜਟਿਲ, ਵਿਸਥਾਰਮਈ ਅਤੇ ਕਲਾਤਮਕ ਬਿਰਤਾਂਤ ਦੀ ਸਿਰਜਣਾ ਵਿਚ ਵਿਸ਼ੇਸ਼ ਮੁਹਾਰਤ ਹੋਣ ਕਰਕੇ ਜਟਿਲ ਲੰਮੀ ਕਹਾਣੀ ਦਾ ਰੂਪਾਕਾਰ ਉਸ ਦੇ ਨਾਂ ਨਾਲ ਹੀ ਜੁੜ ਗਿਆ ਹੈ।"[1]

ਵਰਿਆਮ ਸੰਧੂ ਦੇ ਪ੍ਰਾਪਤ ਵਸਤੂ ਸਥਿਤੀ ਤੋਂ ਸਮਝਣ-ਪਰਖਣ ਦੀ ਕੋਸ਼ਿਸ਼ ਕਰਦੇ ਹੋ ਤਾਂ ਉਸ ਵਿਚੋਂ ਸੰਧੂ ਦੇ ਕਥਾ ਵਸਤੂ ਦੇ ਜਿਹੜੇ ਸਰੋਕਾਰ ਮੁੱਦੇ ਉੱਭਰ ਕੇ ਸਾਹਮਣੇ ਆਉਂਦੇ ਹਨ। ਉਹਨਾਂ ਵਿਚੋਂ ਨਕਸਲਵਾਦ ਲਹਿਰ, ਪੰਜਾਬ ਸੰਕਟ ਨਾਲ ਸੰਬੰਧਿਤ ਸਮੱਸਿਆਵਾਂ, ਦਲਿਤ ਚੇਤਨਾ ਤੇ ਨਿਮਨ ਕਿਸਾਨੀ ਆਦਿ ਪ੍ਰਮੁੱਖ ਮੁੱਦੇ ਹਨ। ਇਸ ਹੱਥਲੇ ਪੇਪਰ ਵਿਚ ਅਸੀ ਉਸ ਦੀਆਂ ਕੁਝ ਚੋਣਵੀਆਂ ਕਹਾਣੀਆਂ ਦੇ ਆਧਾਰ ਤੇ ਨਿਮਨ ਕਿਸਾਨੀ ਤੇ ਪੰਜਾਬ ਸੰਕਟ ਵਰਗੇ ਮੁੱਦਿਆਂ/ਸਰੋਕਾਰਾਂ ਦੀ ਨਿਸ਼ਾਨਦੇਹੀ ਕਰਨ ਦਾ ਜਤਨ ਕਰਾਂਗੇ।

ਵਰਿਆਮ ਸੰਧੂ ਕਿਉਂਕਿ ਪਿੰਡ ਦਾ ਜੰਮਪਲ ਸੀ ਇਸ ਕਰਕੇ ਨਿਮਨ ਕਿਰਸਾਨੀ/ਕਿਰਤੀ ਸ੍ਰੇਣੀ ਸਮਾਜ ਦੀ ਸਮੱਸਿਆ ਤੋਂ ਭਲੀ-ਭਾਂਤ ਜਾਣੂ ਸੀ। ਕਿਉਂਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਤੇ ਕੋਈ ਵੀ ਸਾਹਿਤਕਾਰ ਆਪਣੇ ਸਾਹਿਤਕ ਕਿਰਤ ਰਾਹੀਂ ਉਸ ਸਮੇਂ ਦੇ ਸਮਾਜਿਕ, ਆਰਥਿਕ, ਰਾਜਨੀਤਕ, ਧਾਰਮਿਕ ਤੇ ਸਭਿਆਚਾਰਕ ਸਮਾਜ ਦੀ ਤਸਵੀਰ ਦੇ ਹਰ ਪਹਿਲੂ ਨੂੰ ਪ੍ਰਗਟਾਉਂਦਾ ਹੈ। ਨਿਮਨ ਕਿਸਾਨੀ ਅਤੇ ਪੰਜਾਬ ਸੰਕਟ ਦੇ ਮੁੱਦੇ ਵਰਿਆਮ ਸੰਧੂ ਦੀਆਂ ਕਹਾਣੀਆਂ ਦੇ ਪ੍ਰਮੁੱਖ ਮੁੱਦੇ ਰਹੇ ਹਨ। ਸੰਧੂ ਨੇ ਆਪਣੀ ਕਥਾ-ਵਸਤੂ ਵਿਚਲੇ ਬਿਰਤਾਂਤਕ ਸੰਗਠਨ ਰਾਹੀਂ ਪੂੰਜੀਵਾਦ ਦੀ ਆਮਦ ਨਾਲ ਆਈ ਹਰਿਤ ਕ੍ਰਾਂਤੀ ਕਾਰਨ ਬਦਲ ਰਹੀ ਮਨੁੱਖੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ। ਜਿਸ ਦੀ ਆਮਦ ਨਾਲ ਜਿੱਥੇ ਕਿਸਾਨਾਂ ਦੀ ਜਿਨਸ ਉਤਪਾਦਨ ਵਿਚ ਵਾਧਾ ਹੋਇਆ ਉੱਥੇ ਖੁੱਲੀ ਮੰਡੀ ਵਰਗੀਆਂ ਸਮੱਸਿਆਵਾਂ ਤੇ ਸਰਕਾਰ ਦੀ ਕਿਸਾਨ ਮਾਰੂ ਨੀਤੀ ਕਾਰਨ ਮਾਨਸਿਕ ਸੰਤੁਲਨ ਨੂੰ ਭੋਗਦੀ ਕਿਸਾਨੀ ਜ਼ਿੰਦਗੀ ਨੂੰ ਵੀ ਆਪਣੀ ਕਹਾਣੀ ਦੇ ਅਹਿਮ ਵਿਸ਼ੇ ਵਜੋਂ ਪੇਸ਼ ਕਰਦਾ ਹੈ। ਨਿਮਨ ਕਿਸਾਨੀ ਤੇ ਹੇਠਲੀ ਮੱਧ ਸ਼੍ਰੇਣੀ ਦੀ ਲੁਟ-ਖਸੁਟ ਦੀ ਪ੍ਰਕ੍ਰਿਆ ਤਾਂ ਸਗੋਂ ਵਧੇਰੇ ਤੇਜ਼ ਹੋਈ ਹੈ। ਇਸੇ ਸਰਕਾਰ ਨਾਲ ਸੰਬੰਧਿਤ ਉਸਦੀ ਕਹਾਣੀ 'ਕਿੱਥੇ ਗਏ' ਨੂੰ ਵਿਚਾਰ ਸਕਦੇ ਹਾਂ। ਇਸ ਕਹਾਣੀ ਦਾ ਨੰਬਰਦਾਰ ਮਜ਼ਦੂਰ ਸ਼ੋਸ਼ਣ, ਸਮਗਲਿੰਗ ਅਤੇ ਖੇਤੀ ਰਾਹੀਂ ਪੈਦਾ ਕੀਤੇ ਵਾਧੂ ਸਰਮਾਏ ਨੂੰ ਆਪਣੀ ਜੱਦੀ ਪੁਸ਼ਤੀ ਕਿੱਤੇ, ਖੇਤੀ ਉਪਰ ਲਾਉਣ ਅਤੇ ਹੋਰ ਜ਼ਮੀਨ ਖਰੀਦਣ ਦੀ ਪ੍ਰਬਲ ਇੱਛਾ ਰੱਖਦਾ ਹੈ।

ਪੁਸਤਕ ਚਰਚਾ

# ਪ੍ਰਵਾਸੀ ਪੰਜਾਬੀ ਨਾਵਲ : ਬਿਰਤਾਂਤਕ ਪਰਿਪੇਖ

*(ਸਵਰਨ ਚੰਦਨ ਅਤੇ ਦਰਸ਼ਨ ਧੀਰ ਦੇ ਨਾਵਲਾਂ ਦੇ ਵਿਸ਼ੇਸ਼ ਪ੍ਰਸੰਗ ਵਿਚ)*

ਡਾ. ਸੁਖਜੀਤ ਕੌਰ

ਸਾਹਿਤ ਅਤੇ ਸਾਹਿਤ ਆਲੋਚਨਾ ਦਾ ਆਪਸੀ ਰਿਸ਼ਤਾ ਅੰਤਰ ਸੰਬੰਧਿਤ ਹੈ। ਜਿਥੇ ਸਾਹਿਤ ਦਾ ਉਦੇਸ਼ ਸਹੁਜ ਆਨੰਦ ਅਤੇ ਮਨੁੱਖੀ ਜੀਵਨ ਨੂੰ ਉਸਦੇ ਸਮੁੱਚੇ ਵਰਤਾਰੇ ਸਮੇਤ ਚਿਤਰਨਾ ਹੈ, ਉਥੇ ਸਾਹਿਤ ਆਲੋਚਣਾ ਦੇ ਅੰਤਰਗਤ ਸਾਹਿਤ ਵਿਚ ਕਾਰਜਸ਼ੀਲ ਨੇਮਾਂ, ਵਿਚਾਰਧਾਰਕ ਤੱਤਾਂ, ਬਾਹਰੀ ਤੇ ਅੰਦਰੂਨੀ ਪ੍ਰਭਾਵਾਂ ਸਮੇਤ ਇਸ ਦੀ ਬਣਤਰ ਦੇ ਬੁਣਤਰ ਦਾ ਅਧਿਐਨ ਕਰਦਿਆਂ ਇਸਦਾ ਆਲੋਚਨਾ/ਸਾਹਿਤ ਦੇ ਖੇਤਰ ਵਿਚ ਬਣਦੀ ਥਾਂ ਸਥਾਪਿਤ ਕਰਨਾ ਬਣਦਾ ਹੈ। ਵੀਹਵੀਂ ਸਦੀ ਵਿਚ ਪ੍ਰਾਪਤ ਹੋਈਆਂ ਮਹੱਤਵਪੂਰਨ ਅੰਤਰ-ਦ੍ਰਿਸ਼ਟੀਆਂ ਵਿਚੋਂ ਬਿਰਤਾਂਤ ਸ਼ਾਸ਼ਤਰ ਇਕ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਵਜੋਂ ਜਾਣੀ ਜਾਂਦੀ ਹੈ।

ਬਿਰਤਾਂਤ ਦਾ ਸਬੰਧ ਸਿਰਫ਼ ਸਾਹਿਤ ਤੱਕ ਹੀ ਸੀਮਿਤ ਕਰਕੇ ਨਹੀਂ ਦੇਖਿਆ ਜਾਂਦਾ ਹੈ। ਇਸ ਦਾ ਆਰੰਭ ਮਨੁੱਖੀ ਹੋਂਦ ਨਾਲ ਮੰਨਿਆ ਜਾਂਦਾ ਹੈ। ਇਸ ਬਾਰੇ ਰੋਲਾ ਬਾਰਤ ਦਾ ਵਿਚਾਰ ਹੈ : ਬਿਰਤਾਂਤ ਦੀ ਉਮਰ ਮਨੁੱਖ ਦੇ ਇਤਿਹਾਸ ਜਿੰਨੀ ਹੈ।"1

ਬਿਰਤਾਂਤ ਬਾਰੇ ਸਭ ਤੋਂ ਪਹਿਲੇ ਪ੍ਰਮਾਣਿਕ ਵਿਚਾਰ ਯੂਨਾਨ ਦੇ ਪ੍ਰਸਿਧ ਵਿਦਵਾਨ ਅਰਸਤੂ ਨੇ ਆਪਣੀ ਮਹੱਤਵਪੂਰਨ ਪੁਸਤਕ 'ਕਾਵਿ-ਸ਼ਾਸ਼ਤਰ' ਵਿਚ ਬਿਰਤਾਂਤ ਸ਼ਾਸ਼ਤਰ ਨੂੰ ਕਾਵਿ ਪ੍ਰਗਟਾਅ ਦੀ ਮਹੱਤਵਪੂਰਨ ਵਿਧੀ ਵਜੋਂ ਸਵੀਕਾਰ ਕੀਤਾ। ਇਸ ਪ੍ਰਕਾਰ ਬਿਰਤਾਂਤ ਦਾ ਜ਼ਿਕਰ ਅਰਸਤੂ ਦੇ ਸਮੇਂ ਤੋਂ ਹੋ ਜਾਂਦਾ ਹੈ ਪਰ ਇਸਦਾ ਸ਼ਾਸ਼ਤਰੀ ਮਹੱਤਵ 20 ਸਦੀ ਵਿਚ ਆਰੰਭ ਹੁੰਦਾ ਹੈ। ਸੰਨ 1969 ਈ: ਵਿਚ ਫਰਾਂਸੀਸੀ ਆਲੋਚਕ ਤੋਦੋਰੋਵ ਨੇ ਪਹਿਲੀ ਵਾਰੀ ਇਸ ਪ੍ਰਣਾਲੀ ਦਾ ਨਾਮਕਰਣ ਕੀਤਾ। ਵੀਹਵੀਂ ਸਦੀ ਵਿਚ ਪ੍ਰਾਪਤ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਵਿਚੋਂ ਬਿਰਤਾਂਤ ਸ਼ਾਸ਼ਤਰ ਇਕ ਮਹੱਤਵਪੂਰਨ ਅੰਤਰ-ਦ੍ਰਿਸ਼ਟੀ ਵਜੋਂ ਜਾਣੀ ਜਾਂਦੀ ਹੈ। ਰੂਸੀ ਰੂਪਵਾਦੀ, ਮਾਰਕਸਵਾਦੀ, ਸਰੰਚਨਾਵਾਦੀ, ਚਿਹਨ ਵਿਗਿਆਨੀ, ਮਿੱਥ ਵਿਗਿਆਨੀ, ਨਵ-ਮਾਰਕਸਵਾਦੀ, ਉੱਤਰ ਸਰੰਚਨਾਵਾਦੀ ਅਤੇ ਉੱਤਰ ਆਧੁਨਿਕਤਾ ਆਦਿ ਸਿਧਾਂਤਾਂ ਨਾਲ ਸੰਬੰਧਿਤ ਵਿਦਵਾਨਾਂ ਨੇ ਬਿਰਤਾਂਤ ਦੇ ਅਧਿਐਨ ਸੰਬੰਧੀ ਮਹੱਤਵਪੂਰਨ ਸੰਕਲਪ ਪੇਸ਼ ਕੀਤੇ। ਜਿਸ ਦੇ ਸਿੱਟੇ ਵਜੋਂ ਕਹਿ ਜਾ ਸਕਦਾ ਹੈ। ਬਿਰਤਾਂਤਕ ਪਾਠਾਂ ਦਾ ਵਿਗਿਆਨਕ ਅਧਿਐਨ ਹੀ ਬਿਰਤਾਂਤ ਸ਼ਾਸ਼ਤਰ ਅਖਵਾਉਂਦਾ ਹੈ। ਬਿਰਤਾਂਤ ਰਚਨਾ ਦੀ ਸਾਰਥਕ ਪਰਖ ਪੜਚੋਲ ਲਈ ਬਿਰਤਾਂਤ ਸ਼ਾਸ਼ਤਰੀਆਂ ਨੇ ਕਈ ਨਿਯਮ ਪ੍ਰਬੰਧ ਬਣਾਏ ਜਿਨ੍ਹਾਂ ਦੇ ਆਧਾਰ 'ਤੇ ਕਿਸੇ ਵੀ ਬਿਰਤਾਂਤਕ ਰਚਨਾ ਵਿਚ ਪ੍ਰਚਲਿਤ ਬਿਰਤਾਂਤਕ ਜੁਗਤਾਂ ਦੀ ਪਛਾਣ ਕੀਤੀ ਜਾ ਸਕਦੀ ਹੈ ਜਿਸ ਵਿਚ ਹਰੇਕ ਬਿਰਤਾਂਤਕ ਕਿਰਤ ਆਪਣੀ ਸਰੰਚਣਾਵਾਦੀ ਬਣਤਰ ਪਖੋਂ, ਬਿਰਤਾਂਤਕਾਰ, ਪਾਤਰ, ਘਟਨਾ, ਸਥਿਤੀ, ਬਿਰਤਾਂਤਕ ਰਫ਼ਤਾਰ, ਬਿਰਤਾਂਤਕ ਤਰਤੀਬ, ਬਿਰਤਾਂਤਕ ਬਾਰੰਬਾਰਤਾ, ਬਿਰਤਾਂਤਕ ਮੂਡ, ਬਿਰਤਾਂਤਕ ਫੋਕਸੀਕਰਨ ਅਤੇ ਕਾਰਜੀ ਜੁਗਤਾਂ ਹੋਂਦ ਸਥਾਪਿਤ ਕਰਦੀਆਂ ਹਨ।

ਨਾਵਲ ਆਧੁਨਿਕ ਯੁੱਗ ਦੀ ਅਜਿਹੀ ਵਿਧਾ ਹੈ ਜੋ ਆਪਣੇ ਅੰਦਰ ਹਰ ਸਾਹਿਤਕ ਵਿਧਾ ਦੇ ਤੱਤ ਸਮਾਈ ਬੈਠੀ ਹੈ। ਇਹ ਸਾਹਿਤ ਮਨੁੱਖੀ ਅਭਿਵਿਅਕਤੀ ਦੀ ਲੋੜ ਵਜੋਂ ਹੋਂਦ ਵਿਚ ਆਇਆ ਹੈ ਜੋ ਨਿਰਸੰਦੇਹ ਭਾਵੁਕ ਅਤੇ ਜਜ਼ਬਾਤੀ ਅਨੁਭਵ ਨੂੰ ਰੂਪਮਾਨ ਕਰਦਾ ਹੈ। ਪਰਵਾਸ ਵਿਚ ਰਚਿਆ ਗਿਆ ਪੰਜਾਬੀ ਸਾਹਿਤ ਵੀ ਆਤਮ ਅਭਿਵਿਅਕਤੀ ਦੀ ਲੋੜ ਵਿਚੋਂ ਹੀ ਪੈਦਾ ਹੋਇਆ ਹੈ। ਇਸ ਦੀ ਸਿਰਜਣਾ ਪਰਵਾਸੀ ਜੀਵਨ ਦੀਆਂ ਠੋਸ ਤੇ ਤਲਖ਼ ਹਕੀਕਤਾਂ ਦੀ ਲੋੜ ਜਾਂ ਸੰਘਰਸ਼ ਭਰੇ ਅਮਲ ਵਿਚੋਂ ਹੋਈ ਹੈ। ਜੋ ਉਥੋਂ ਦੇ ਸਮਾਜ ਦੇ ਹਾਲਾਤ ਅਤੇ ਪਰਿਸਥਿਤੀਆਂ ਨਾਲ ਜੁੜੀ ਹੋਈ ਹੈ। ਜਿਵੇਂ-ਜਿਵੇਂ ਇਹ ਪਰਿਸਥਿਤੀਆਂ ਬਦਲਦੀਆਂ ਗਈਆਂ ਸਾਹਿਤ ਵਿਚ ਵੀ ਇਸਦਾ ਗਤੀਸ਼ੀਲ ਤੇ ਪਰਿਵਰਤਿਤ ਸਰੂਪ ਰੂਪਾਂਤਰਿਤ ਹੁੰਦਾ ਗਿਆ। ਪਰਵਾਸੀ ਸਾਹਿਤ ਦੀ ਸਿਰਜਣਾ ਦੀ ਪਿੱਠ-ਭੂਮੀ ਵਿਚ ਕੰਮ ਕਰਦੀਆਂ ਸਮਾਜਕ, ਆਰਥਕ ਅਤੇ ਸਾਂਸਕ੍ਰਿਤਕ ਪਰਿਸਥਿਤੀਆਂ ਭਾਰਤੀ ਪੰਜਾਬੀ ਲੇਖਕਾਂ ਦੇ ਹਾਲਾਤ ਨਾਲੋਂ ਭਿੰਨ ਹਨ। ਇਸ ਤਰ੍ਹਾਂ ਪਰਵਾਸੀ ਪੰਜਾਬੀ ਸਾਹਿਤ ਭਾਰਤੀ ਸਾਹਿਤ ਦਾ ਇਕ ਅੰਗ ਹੁੰਦਾ ਹੋਏ ਵੀ ਅਨੁਭਵ ਦੇ ਪੱਖ ਤੋਂ ਵਿਲੱਖਣ ਹੋਂਦ ਰੱਖਦਾ ਹੈ। ਜੋ ਕਿ ਵਿਸ਼ਾ-ਵਸਤੂ, ਵਿਧੀ ਅਤੇ ਦ੍ਰਿਸ਼ਟੀ ਪਖੋਂ ਵੱਖਰਾ ਹੋਣ ਨਾਲ-ਨਾਲ ਬਿਰਤਾਂਤਕ ਵਿਧੀ ਜਾਂ ਬਿਰਤਾਂਤਕ ਸਮੱਸਿਆਵਾਂ ਪਖੋਂ ਵੀ ਭਿੰਨ ਹੈ।

ਪੰਜਾਬੀ ਦੇ ਪਰਵਾਸੀ ਨਾਵਲਕਾਰਾਂ ਵਿਚੋਂ ਸਵਰਨ ਚੰਦਨ, ਦਰਸ਼ਨ ਧੀਰ, ਰਘੁਬੀਰ ਢੰਡ, ਮਨਜੀਤ ਰਾਣਾ, ਹਰਿੰਦਰ ਬਜਾਜ, ਹਰਜੀਤ ਅਟਵਾਲ, ਤਰਸੇਮ ਨੀਲਗਿਰੀ ਆਦਿ ਲੇਖਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਜਿਨ੍ਹਾਂ ਨੇ ਵਿਦੇਸ਼ੀ ਧਰਤੀ ਦੇ ਰਹਿ ਕੇ ਭਾਰਤੀ ਸਭਿਆਚਾਰ ਤੇ ਵਿਦੇਸ਼ੀ ਸਭਿਆਚਾਰ ਦਾ ਆਪਸੀ ਟਾਕਰਾ ਕਰਦੇ ਹੋਏ ਮੁਲਾਂਕਣ ਕੀਤਾ ਤੇ ਸਫਲ ਨਾਵਲ ਲਿਖੇ।

ਪਰਵਾਸੀ ਪੰਜਾਬੀ ਸਾਹਿਤਕਾਰ ਵਿਚ ਸਵਰਨ ਚੰਦਨ ਦੀ ਆਮਦ ਵਿਸ਼ਾ ਵਸਤੂ ਪੱਖੋਂ ਨਿਵੇਕਲੀ ਥਾਂ ਰੱਖਦੀ ਹੈ। ਸਵਰਨ ਚੰਦਨ ਨੇ ਪਰਵਾਸੀ ਨਾਵਲ ਦੇ ਅੰਤਰਗਤ 'ਨਵੇਂ ਰਿਸ਼ਤੇ', 'ਕੱਚੇ ਘਰ', 'ਕੱਖ ਦਾਨ ਤੇ ਦਰਿਆ', ਕਦਰਾਂ-ਕੀਮਤਾਂ, 'ਕੰਜਕਾਂ', 'ਪੰਜਾਬ ਸੰਤਾਲੀ', 'ਉਜਾੜਾ', 'ਤਸਦੀਕ' ਅਤੇ 'ਰੋਹ ਵਿਦਰੋਹ' ਅਤੇ ਆਪਣੇ ਆਖਰੀ ਨਾਵਲ 'ਸਮਾਂ' ਆਦਿ ਨਾਵਲਾਂ ਦੀ ਸਿਰਜਣਾ ਕੀਤੀ। ਇਹਨਾਂ ਨਾਵਲਾਂ ਤੋਂ ਇਲਾਵਾ ਕਹਾਣੀ ਦੇ ਖੇਤਰ ਵਿਚ ਚੰਦਨ ਦੀਆਂ ਪ੍ਰਾਪਤੀਆਂ ਉਸਦੇ ਡੂੰਘੇ ਅਤੇ ਲੰਮੇ ਗਲਪ ਅਨੁਭਵ ਦੀਆਂ ਸੂਚਕ ਹਨ।

ਸਵਰਨ ਚੰਦਨ ਦੇ ਨਾਵਲਾਂ ਵਿਚਲਾ ਬਿਰਤਾਂਤਕ ਆਧਾਰ ਆਰਥਿਕਤਾ ਹੈ। ਇਸ ਮੂਲ ਸਮੱਸਿਆ ਨੂੰ ਆਧਾਰ ਬਣਾ ਕੇ ਪਰਵਾਸ ਅਤੇ ਪੰਜਾਬੀ ਮਨੁੱਖ ਦੀ ਸਥਿਤੀ ਨੂੰ ਚਿੱਤਰਦਾ ਹੈ। ਸਵਰਨ ਚੰਦਨ ਆਪਣੇ ਆਰੰਭਲੇ ਪੜਾਅ ਦੇ ਨਾਵਲਾਂ ਵਿਚ ਪਰਵਾਸੀ ਪਾਤਰ ਦੇ ਮਾਧਿਅਮ ਰਾਹੀਂ ਸਮੁੱਚੀ ਪੱਛਮੀ ਸਥਿਤੀ ਨੂੰ ਮੂਰਤੀਮਾਨ ਕਰਦਾ ਹੋਇਆ ਦੇਖਿਆ ਜਾ ਸਕਦਾ ਹੈ। ਜਿਵੇਂ ਆਪਣੇ ਪਹਿਲੇ ਨਾਵਲ 'ਨਵੇਂ ਰਿਸ਼ਤੇ' ਵਿਚਲਾ ਗਲਪੀ ਪਰਿਪੇਖ ਪੱਛਮੀ ਜੀਵਨ ਦੀ ਰਹਿਤਲ ਵਿਚ ਪ੍ਰਵਾਹਮਾਨ ਪੰਜਾਬੀ ਪਰਿਵਾਰਾਂ ਅਤੇ ਰਿਸ਼ਤਿਆਂ ਵਿਚ ਸਮੇਂ ਨਾਲ ਪਏ ਖੱਪਿਆਂ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ 'ਕੱਚੇ ਘਰ' ਨਾਵਲ ਵਿਚ ਪਰਵਾਸ ਵਿਚਲੇ ਦੰਪਤੀ ਜੀਵਨ ਦਾ ਬਿਰਤਾਂਤ ਹੈ। 'ਕਦਰਾਂ-ਕੀਮਤਾਂ' ਨਾਵਲ ਵਿਚ ਨਾਵਲਕਾਰ ਨੇ ਪੱਛਮੀ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਦੀਆਂ ਅੰਤਰ-ਵਿਰੋਧ ਨੂੰ ਪੇਸ਼ ਕੀਤਾ ਹੈ। ਪਰ 'ਕੰਜਕਾਂ' ਨਾਵਲ ਇਹਨਾਂ ਸਮੁੱਚੀਆਂ ਸਮੱਸਿਆਵਾਂ ਦਾ ਅਪਵਾਦ ਕਿਹਾ ਜਾ ਸਕਦਾ ਹੈ। ਕਿਉਂਕਿ ਇਸ ਵਿਚਲੀ ਪੇਸ਼ ਵਸਤੂ ਸਥਿਤੀ ਇਸ ਪ੍ਰਕਾਰ ਦੀ ਹੈ ਕਿ ਇਹ ਤਕਰੀਬਨ ਹਰ ਪਰਵਾਸੀ ਦੀ ਗਾਥਾ ਬਣਕੇ ਪੇਸ਼ ਹੁੰਦਾ ਵੇਖਿਆ ਜਾ ਸਕਦਾ ਹੈ।


Dr. Sukhjit Kaur

# Directorate of Distance Education

## KURUKSHETRA UNIVERSITY, KURUKSHETRA

(Established by the State Legislature Act XII of 1956)

('A+' Grade, NAAC Accredited)




# M.A. (Final) PUNJABI

## Paper: VIII

## ਪੰਜਾਬੀ ਵਾਰਤਕ

## Lesson No. 2,6-17, 21

| | | | |
|---|---|---|---|
| 9. | ਦਲੀਪ ਕੌਰ ਟਿਵਾਣਾ ਦੀ ਸਵੈ ਜੀਵਨੀ ਨੰਗੇ ਪੈਰਾਂ ਦਾ ਸਫਰ ਦਾ ਵਿਸ਼ਾ ਪੱਖ | ਡਾ. ਨਰਿੰਦਰ ਪਾਲ ਸਿੰਘ | 128-160 |
| 10. | ਦਲੀਪ ਕੌਰ ਟਿਵਾਣਾ ਦੀ ਸਵੈ ਜੀਵਨੀ ਨੰਗੇ ਪੈਰਾਂ ਦਾ ਸਫ਼ਰ ਦਾ ਕਲਾ ਪੱਖ | ਡਾ. ਨਰਿੰਦਰ ਪਾਲ ਸਿੰਘ | 161-179 |
| 11. | ਨਰਿੰਦਰ ਕਪੂਰ ਦਾ ਸਫ਼ਰਨਾਮਾ 'ਸੱਚੇ-ਸੱਚ' ਦਾ ਵਿਸ਼ਾ ਪੱਖ | ਪ੍ਰੋ. ਜਗਬੀਰ ਕੌਰ | 180-202 |
| 12. | ਨਰਿੰਦਰ ਕਪੂਰ ਦਾ ਸਫ਼ਰਨਾਮਾ 'ਸੱਚੇ-ਸੱਚ' ਦਾ ਵਿਸ਼ਾ ਪੱਖ | ਡਾ. ਸੁਖਜੀਤ ਕੌਰ | 203-220 |
| 13. | ਨਰਿੰਦਰ ਕਪੂਰ ਦਾ ਸਫ਼ਰਨਾਮਾ 'ਸੱਚੇ-ਸੱਚ' ਕਲਾ ਵਿਸ਼ਾ ਪੱਖ | ਡਾ. ਸੁਖਜੀਤ ਕੌਰ | 203-220 |
| 14. | ਕੁਲਬੀਰ ਸਿੰਘ ਕਾਂਗ: ਜੀਵਨ ਰਚਨਾ, ਰਚਨਾ ਰਚਨਾ ਦ੍ਰਿਸ਼ਟੀ ਅਤੇ ਪੰਜਾਬੀ ਰੇਖਾ ਚਿੱਤਰ ਸਾਹਿਤ ਵਿਚ ਸਥਾਨ | ਡਾ. ਗੁਰਿੰਦਰ ਸਿੰਘ | 221-238 |


नरेन्द्र सिंह कपूर का सफरनामा
'सचो-सँच' का विषय पक्ष

नरेन्द्र सिंह कपूर का सफरनामा
'सचो-सँच का कला पक्ष

**DIRECTORATE OF DISTANCE EDUCATION**
KURUKSHETRAUNIVERSITY KURUKSHETRA

ਕਲਾਸ : ਐੱਮ.ਏ. ਪੰਜਾਬੀ ਭਾਗ ਦੂਜਾ
ਪੇਪਰ ਅੱਠਵਾਂ : (ਪੰਜਾਬੀ ਵਾਰਤਕ)

**ਲੇਖਕ : ਡਾ. ਸੁਖਜੀਤ ਕੌਰ**
**ਸੋਧਕ : ਪ੍ਰੋਫ਼ੈਸਰ ਹਰਸਿਮਰਨ ਸਿੰਘ ਰੰਧਾਵਾ**

ਪਾਠ ਨੰਬਰ : 16

## ਪਾਠ ਦੀ ਸੰਰਚਨਾ

1. ਭੂਮਿਕਾ
2. ਉਦੇਸ਼
3. ਨਰਿੰਦਰ ਕਪੂਰ ਦਾ ਸਫ਼ਰਨਾਮਾ 'ਸੱਚੋ-ਸੱਚ' ਦਾ ਵਿਸ਼ਾ ਪੱਖ

3.1 ਜ਼ਿੰਦਗੀ ਜਿਊਣ ਦੇ ਢੰਗ ਵਿਚ ਅੰਤਰ
3.2 ਕੰਮ ਪ੍ਰਤੀ ਸੱਚੀ ਨਿਸ਼ਠਾ
3.3 ਉਸਾਰੂ ਅਤੇ ਵਿਗਿਆਨਕ ਸੋਚ
3.4 ਔਰਤ ਦੀ ਬਰਾਬਰੀ
3.5 ਖੁਰਾਕ ਵਿਚ ਅੰਤਰ
3.6 ਲੇਖਕ ਦਾ ਯਾਤਰਾ ਅਨੁਭਵ
3.7 ਪੈਰਿਸ ਦੀ ਸੁੰਦਰਤਾ ਦਾ ਵਰਣਨ
3.8 ਅਣਜੋੜ ਵਿਆਹ ਦੀ ਸਮੱਸਿਆ
3.9 ਵਿੱਦਿਅਕ ਪ੍ਰਣਾਲੀ ਵਿਚ ਅੰਤਰ
3.10 ਨਿਆਂ-ਪ੍ਰਣਾਲੀ
3.11 ਮਨੋਰੰਜਨ ਦੇ ਸਾਧਨ
3.12 ਅਮਰੀਕਾ ਵਿਚ ਵਸਦੇ ਪੰਜਾਬੀਆਂ ਦੀ ਦਸ਼ਾ ਦੇ ਦਿਸ਼ਾ
3.13 ਸਭਿਆਚਾਰਕ ਵੱਖਰਤਾ
3.14 ਅਮਰੀਕਾ ਦਾ ਅਸਲੀ ਚਿਹਰਾ
3.15 ਹੋਰ ਵਿਸ਼ੇ

4. ਸਾਰ
5. ਲਘੂ ਪ੍ਰਸ਼ਨਾਂ ਦੇ ਉੱਤਰ

**DIRECTORATE OF DISTANCE EDUCATION**
KURUKSHETRAUNIVERSITY KURUKSHETRA

ਕਲਾਸ : ਐੱਮ.ਏ. ਪੰਜਾਬੀ ਭਾਗ ਦੂਜਾ
ਪੇਪਰ ਅੱਠਵਾਂ : (ਪੰਜਾਬੀ ਵਾਰਤਕ)

ਪਾਠ ਨੰਬਰ : 17

ਲੇਖਕ : ਡਾ. ਸੁਖਜੀਤ ਕੌਰ
ਸੋਧਕ : ਪ੍ਰੋਫੈਸਰ ਹਰਸਿਮਰਨ ਸਿੰਘ ਰੰਧਾਵਾ

ਪਾਠ ਦੀ ਸੰਰਚਨਾ

1. ਭੂਮਿਕਾ
2. ਉਦੇਸ਼
3. ਨਰਿੰਦਰ ਕਪੂਰ ਦਾ ਸਫ਼ਰਨਾਮਾ 'ਸੱਚੋ-ਸੱਚ' ਦਾ ਕਲਾ ਪੱਖ

3.1 ਸੰਬੋਧਨੀ ਸ਼ੈਲੀ
3.2 ਸੰਵਾਦੀ ਸ਼ੈਲੀ
3.3 ਬਿਰਤਾਂਤਕ ਸ਼ੈਲੀ
3.4 ਲੋਕ ਉਕਤੀਆਂ ਅਤੇ ਸੂਤਰ-ਕਥਨ
3.5 ਗੱਲਬਾਤੀ ਪ੍ਰਗਟਾਉ-ਸ਼ੈਲੀ
3.6 ਨਿੱਜੀ ਤੱਤਾਂ ਦੀ ਪ੍ਰਧਾਨਤਾ
3.7 ਮੁਹਾਵਰੇ ਤੇ ਅਖਾਣਾਂ ਦੀ ਵਰਤੋਂ
3.8 ਭਾਸ਼ਾ-ਸ਼ੈਲੀ ਤੇ ਸ਼ਬਦ ਚੋਣ
3.9 ਪ੍ਰਤੀਕਾਤਮਕ ਸ਼ੈਲੀ
3.10 ਮੌਲਿਕ ਵਿਚਾਰਾਂ ਦੀ ਪ੍ਰਧਾਨਤਾ
3.11 ਸਾਹਿਤਕਤਾ ਦੇ ਅੰਸ਼
3.12 ਤੁਲਨਾਤਮਕ ਵਿਧੀ

4. ਸਾਰ
5. ਲਘੂ ਪ੍ਰਸ਼ਨਾਂ ਦੇ ਉੱਤਰ
6. 10 ਵਸਤੂ ਨਿਸ਼ਠ ਪ੍ਰਸ਼ਨ
7. ਸਵੈ ਪੜ੍ਹਚੋਲਕ ਪ੍ਰਸ਼ਨ
8. ਹੋਰ ਪੜ੍ਹਨਯੋਗ ਸਮੱਗਰੀ

# Teaching Learning Centre, Ramanujan College

## University of Delhi

**under the aegis of**

**MINISTRY OF EDUCATION**

**PANDIT MADAN MOHAN MALAVIYA NATIONAL MISSION ON TEACHERS AND TEACHING**

सत्यमेव जयते
Ministry of Education
Government of India

This is to certify that

# DR. SUKHJIT KAUR

of

**DIRECTORATE OF DISTANCE EDUCATION,KUK**

successfully completed a 4-Week Induction/Orientation Programme for

**"Faculty in Universities/Colleges/Institutes of Higher Education"**

from *20 May– 18 June, 2022* and obtained

Grade *A+*.

Blockchain Hash: 0x2238d306dd88d623afeb18a9c2874b27d1aec7afc634a9e35a92d9afb9739586

Prof. S. P. Aggarwal
(Principal & Director)
TLC, Ramanujan College

Dr. Nikhil Kumar Rajput
(Convener)
Ramanujan College